1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 23, 24

੧੯ ਪੋਹ ਤੋਂ ੧੯ ਮਾਘ ੨੦੮੧ ਬਿ.
1 to 31 January 2025

# ਸਤਿਜੁਗ



**ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਬੰਗਲਾ ਸਾਹਿਬ (ਦਿੱਲੀ) ਵਿਖੇ ਸ੍ਰੀ ਸਤਿਗੁਰੂ ਜੀ ਦੇ ਪਹੁੰਚਣ ਤੇ ਪ੍ਰਧਾਨ ਹਰਮੀਤ ਸਿੰਘ ਕਾਲਕਾ (ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਵਲੋਂ ਨਿੱਘਾ ਸਵਾਗਤ।**

15 ਦਸੰਬਰ 2024













ਸ੍ਰੀ ਸਤਿਗੁਰੂ ਜੀ ਗੁਰਦਵਾਰਾ ਰਕਾਬਗੰਜ ਸਾਹਿਬ ਦਿੱਲੀ ਵਿਖੇ ਨਾਮਧਾਰੀ ਸਾਧ ਸੰਗਤ ਨਾਲ ਦਰਸ਼ਨ ਕਰਨ ਪਧਾਰੇ

ਸ੍ਰੀ ਸਤਿਗੁਰੂ ਜੀ ਨੂੰ ਬਾਬਾ ਵਿਰਸਾ ਸਿੰਘ ਜੀ ਦੁਆਰਾ ਸਥਾਪਿਤ ਗੋਬਿੰਦ ਸਦਨ (ਮਹਿਰੋਲੀ) ਦਿੱਲੀ ਵਿਖੇ ਪਧਾਰੇ।

ਮੌਜੂਦਾ ਮੁਖੀ ਬਾਬਾ ਹਰਦੀਪ ਸਿੰਘ ਜੀ ਨੇ ਨਿੱਘਾ ਸਵਾਗਤ ਕੀਤਾ।





# ਸਤਿਜੁਗ


੧੮ ਪੋਹ ਤੋਂ ੧੮ ਮਾਘ ੨੦੮੧ ਬਿ.
1 ਤੋਂ 31 ਜਨਵਰੀ 2025 ਈ.
ਜਿਲਦ 104, ਨੰਬਰ 23, 24



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ............................................6
* ਸਤਿਜੁਗ ਦਾ ਵਿਸ਼ੇਸ਼ ਯੁਵਕ ਅਮਕ
  ਡਾ. ਗੁਰਦੇਵ ਸਿੰਘ ਸਿੱਧੂ................................8
* ਅਬਿਚਲ ਨਗਰੁ ਗੋਬਿੰਦ ਗੁਰੂ ਕਾ
  ਗੁਰਲਾਲ ਸਿੰਘ........................................10
* ਇੱਕ ਰਾਜ ਯੋਗੀ ਹਰਵਿੰਦਰ ਸਿੰਘ ਹੰਸਪਾਲ ਦਾ ਪਰਿਵਾਰਕ ਪਿਛੋਕੜ ਅਤੇ ਸਾਹਿਤਕ ਸਫ਼ਰ
  ਸੁਵਰਨ ਸਿੰਘ ਵਿਰਕ.................................15
* ਸ੍ਰੀ ਹੇਮਕੁੰਟ ਸਾਹਿਬ ਖੋਜ ਅਤੇ ਗੁਰੂ ਧਾਮ ਦੀ ਉਸਾਰੀ
  ਦੇਵਿੰਦਰ ਸਿੰਘ ਗਿੱਲ..................................19
* उस्ताद ज़ाकिर हुसैन- एक फरिश्ता जिसने तबले की दशा और दिशा बदल दी
  Rajesh Malviya...................................23
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................25
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................27
* KUDRAT (NATURE) IN GURU NANAK'S HOLISTIC VISION
  Dr. D. P. Singh..................................................28
* ਖ਼ਬਰਨਾਮਾ......................................................31
* Matrimonial...............................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਪੋਹ ਦਾ ਮਹੀਨਾ ਪੰਜਾਬ 'ਚ ਸੋਗ ਦੀ ਲਹਿਰ ਪ੍ਰਵਾਹਿਤ ਕਰਦਾ ਹੈ। ਜਿਵੇਂ ਹੀ ਠੰਡ ਦਾ ਮਾਰੂ ਕਹਿਰ ਜੀਵ ਜੰਤੂਆਂ ਨੂੰ ਆਪਣੀ ਗ੍ਰਿਫ਼ਤ ਵਿਚ ਲੈਂਦਾ ਹੈ, ਪੰਜਾਬੀਆਂ ਨੂੰ ਠੰਡੇ ਬੁਰਜ ਵਿਚ ਬਜ਼ੁਰਗ ਦਾਦੀ ਮਾਂ ਨਾਲ ਜੁੜ ਬੈਠੇ ਛੇ ਅਤੇ ਨੌਂ ਸਾਲ ਦੇ ਦੁੱਧ ਦੰਦ ਬੱਚੇ ਨਜ਼ਰ ਆਉਂਦੇ ਹਨ। ਸਰਸਾ ਨਦੀ ਦੀ ਕਾਂਗ, ਚਮਕੌਰ ਦੀ ਗੜ੍ਹੀ, ਸਰਹਿੰਦ ਦੀਆਂ ਨੀਹਾਂ, ਮਾਛੀਵਾੜੇ ਦੇ ਸੂਲ ਕਿੰਨੇ ਹੀ ਦੁਖਦਾਈ ਮੰਜ਼ਰ ਹਨ ਇਸ ਪੋਹ ਮਹੀਨੇ ਵਿੱਚ ਜਿਨ੍ਹਾਂ ਦੀ ਚੀਸ ਅੱਜ ਵੀ ਮਹਿਸੂਸ ਹੁੰਦੀ ਹੈ।

ਤੀਰ' ਖ਼ੂਨੀ ਸਰ੍ਹੰਦ ਦੀ ਹੱਦ ਅੰਦਰ।
ਜੋ ਵੀ ਨੈਣ ਦਿੱਸਿਆ ਹੋਇਆ ਤਰ ਦਿੱਸਿਆ।
ਹਰ ਇੱਕ ਹੰਝੂ ਅੰਦਰ ਜਦੋਂ ਡਿੱਠਾ।
ਬੈਠਾ ਫਤਿਹ ਅਤੇ ਜ਼ੋਰਾਵਰ ਦਿੱਸਿਆ।

ਇਸ ਵਾਰੀ ਇਹ ਸੋਗਮਈ ਮਹੀਨਾ ਹੋਰ ਵੀ ਦੁਖਦਾਈ ਬਣ ਗੁਜ਼ਰਿਆ ਜਦੋਂ ਸੋਲਾਂ ਦਿਸੰਬਰ ਨੂੰ ਇਹ ਖ਼ਬਰ ਹਰ ਕਲਾ ਪ੍ਰੇਮੀ ਨੂੰ ਮਿਲੀ ਕਿ ਉਸਤਾਦ ਜ਼ਾਕਿਰ ਹੁਸੈਨ ਨਹੀਂ ਰਹੇ। ਇਸ ਬੁਰੀ ਖ਼ਬਰ 'ਤੇ ਇਕ ਦਮ ਕਿਸੇ ਨੂੰ ਵਿਸ਼ਵਾਸ਼

ਨਹੀਂ ਹੋਇਆ। ਆਪਣੇ ਭਰੋਸੇਯੋਗ ਸੂਤਰਾਂ ਤੋਂ ਹਰ ਕੋਈ ਇਸ ਖ਼ਬਰ ਨੂੰ ਬਦਲਣਾ ਚਾਹੁੰਦਾ ਸੀ ਪਰ ਭਾਣਾ ਵਰਤ ਚੁੱਕਿਆ ਸੀ।

ਇਕ ਵੱਡਾ ਉਸਤਾਦ ਕਲਾਕਾਰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਸੀ। ਸਾਡੀ ਨਵੀਂ ਪੀੜ੍ਹੀ ਇਸ ਮਹਾਨ ਕਲਾਕਾਰ ਦੀਆਂ ਅਦਾਵਾਂ, ਪੇਸ਼ਕਾਰੀ ਸਾਹਮਣੇ ਬੈਠ ਨਹੀਂ ਦੇਖ ਸਕੇਗੀ। ਸਾਡੀ ਪੀੜ੍ਹੀ ਨੂੰ ਇਹ ਮਾਨ ਰਹਿਗਾ ਕਿ ਅਸੀਂ ਜ਼ਾਕਿਰ ਸਾਹਿਬ ਨੂੰ ਦੇਖਿਆ ਹੈ। ਮੈਨੂੰ ਫ਼ਿਰਾਕ ਗੋਰਖਪੁਰੀ ਦਾ ਇਹ ਸ਼ੇਅਰ ਬਿਲਕੁਲ ਢੁਕਵਾਂ ਪ੍ਰਤੀਤ ਹੁੰਦਾ ਹੈ-

आने वाली नस्लें तुम पर फ़ख़्र करेंगी हम-असरो
जब भी उन को ध्यान आएगा तुम ने 'फ़िराक़' को देखा है।

ਇਹ ਸੱਚ ਹੈ ਕਿ ਜ਼ਾਕਿਰ ਅਤੇ ਤਬਲਾ ਸਮਾਨਾਰਥੀ ਸ਼ਬਦ ਬਣ ਚੁੱਕੇ ਸੀ। ਬਹੁਤ ਸਾਰੇ ਤਬਲੇ ਦੇ ਉਸਤਾਦ ਦੁਨੀਆਂ ’ਤੇ ਹੋਏ ਨੇ ਪਰ ਜ਼ਾਕਿਰ ਜੀ ਵਰਗਾ ਮਾਨ ਸਨਮਾਨ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ।

हैं और भी दुनिया में सुख़न-वर बहुत अच्छे
कहते हैं कि 'ग़ालिब' का है अंदाज़-ए-बयाँ और

ਨਾਮਧਾਰੀ ਪੰਥ ਦੀ ਜ਼ਾਕਿਰ ਜੀ ਨਾਲ ਗੂੜੀ ਪਰਿਵਾਰਕ ਸਾਂਝ ਸੀ। ਜ਼ਾਕਿਰ ਜੀ ਦੇ ਪਿਤਾ ਉਸਤਾਦ ਅੱਲਾ ਰਖਾ ਖਾਂ ਸਾਹਿਬ ਦੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬੜੀ ਨੇੜਤਾ ਰਹੀ। ਜ਼ਾਕਿਰ ਜੀ ਅਕਸਰ ਕਹਿੰਦੇ ਸੀ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣਾ ਪਿਤਾ ਮੰਨਦਾ ਹਾਂ। 2010 ਵਿੱਚ ਜਦੋਂ ਜ਼ਾਕਿਰ ਜੀ ਸ੍ਰੀ ਭੈਣੀ ਸਾਹਿਬ ਆਏ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਮਣੇ ਤਬਲੇ ਦੀ ਸੋਲੋ ਪੇਸ਼ਕਾਰੀ ਦਿੱਤੀ। ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਸਭ ਨੇ ਉਂਗਲਾਂ ਦੀ ਜਾਦੂਗਰੀ ਦੀ ਸਿਫ਼ਤ ਕੀਤੀ। ਜ਼ਾਕਿਰ ਜੀ ਨੇ ਆਪਣੇ ਹੱਥ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਮਣੇ ਕਰ ਕੇ ਕਿਹਾ ਇਹ ਹੱਥ ਤੁਹਾਡੇ ਬਖ਼ਸ਼ੇ ਹਨ ਜਿਨ੍ਹਾਂ ਨਾਲ ਇਹ ਪੇਸ਼ਕਾਰੀ ਮੁਮਕਿੰਨ ਹੋ ਸਕੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਜਦੋਂ ਆਪ 2014 ਵਿੱਚ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਵਿੱਚ ਆਏ ਤਾਂ ਸਤਿਗੁਰੂ ਜੀ ਦੀ ਸੰਸਕਾਰ ਵਾਲੀ ਜਗ੍ਹਾ ਬਣੇ 'ਜਗਜੀਤ ਮੰਦਰ' ਵਿੱਚ ਮੱਥਾ ਟੇਕਦਿਆਂ ਲੱਗੀ ਗੋਲਕ ਤੇ ਹੱਥ ਨਾਲ ਨੋਕ (ਖੜਕਾ) ਕਰਕੇ ਕਹਿਣ ਲੱਗੇ। “ਮੈਂ ਆ ਗਿਆ” ਤਬਲਾ ਪੇਸ਼ਕਾਰੀ ਤੋਂ ਪਹਿਲਾਂ ਪ੍ਰਤਾਪ ਮੰਦਰ ਦੀ ਉੱਚੀ ਸਟੇਜ ਤੋਂ ਸਿਧਾ ਛਾਲ ਮਾਰ ਸੰਗਤ 'ਚ ਬੈਠੇ ਮਾਤਾ ਚੰਦ ਕੌਰ ਜੀ ਅੱਗੇ ਸੀਸ ਨਿਵਾ ਸਤਿਗੁਰੂ ਜੀ ਨੂੰ ਯਾਦ ਕਰ ਅਸ਼ੀਰਵਾਦ ਲੈ ਫਿਰ ਪੇਸ਼ਕਾਰੀ ਕੀਤੀ। ਪੰਜਾਬ ਘਰਾਣੇ ਦੇ ਇਸ ਮਹਾਨ ਕਲਾਕਾਰ ਨੂੰ ਪੰਜਾਬ ਦੀਆਂ ਕਈ ਸੰਸਥਾਵਾਂ, ਸਟੇਜਾਂ ਤਬਲਾ ਪੇਸ਼ਕਾਰੀ ਲਈ ਉਡੀਕਦੀਆਂ ਰਹੀਆਂ ਪਰ ਉਹਨਾਂ ਸਦਾ ਕਹਿਣਾ ਮੈਨੂੰ ਜਦੋਂ ਵੀ ਸ੍ਰੀ ਭੈਣੀ ਸਾਹਿਬ ਤੋਂ ਬੁਲਾਵਾ ਆਵੇਗਾ ਮੈਂ ਸਾਰੇ ਪ੍ਰੋਗਰਾਮ ਛੱਡ ਓਥੇ ਜਾਵਾਂਗਾ। ਹਜ਼ੂਰ ਸਤਿਗੁਰੂ ਜੀ ਨੂੰ ਜ਼ਾਕਿਰ ਜੀ ਕਹਿੰਦੇ ਸੀ। “ਮੈਂ ਪ੍ਰੋਗਰਾਮ ਤੋਂ ਬਿਨਾਂ ਸ੍ਰੀ ਭੈਣੀ ਸਾਹਿਬ ਕੁਝ ਦਿਨ ਰਹਿਣ ਲਈ ਆਉਣਾ ਹੈ।” ਐਸੀਆਂ ਮਹਾਨ ਹਸਤੀਆਂ ਕਈ ਸਦੀਆਂ ਬਾਅਦ ਧਰਤੀ 'ਤੇ ਆਉਂਦੀਆ ਹਨ।

ਇਸ ਮਹੀਨੇ ਦੂਜੀ ਮਾੜੀ ਖ਼ਬਰ 20 ਦਿਸੰਬਰ ਨੂੰ ਮਿਲੀ ਕਿ ਨਾਮਧਾਰੀ ਦਰਬਾਰ ਦੇ ਪ੍ਰਧਾਨ ਹਰਵਿੰਦਰ ਸਿੰਘ ਜੀ ਹੰਸਪਾਲ ਨਹੀਂ ਰਹੇ। ਹੰਸਪਾਲ ਜੀ ਨੂੰ ਰਾਜਨੀਤਿਕ ਤੌਰ ਤੇ ਕਾਮਯਾਬ ਹਸਤੀ ਸਨ ਉਹ ਇਕ ਕਾਮਯਾਬੀ ਦਾ ਸਿਹਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਿੰਦੇ ਸਨ। ਤੀਸਰੀ ਮਾੜੀ ਖ਼ਬਰ ਇਸ ਮਹੀਨੇ ਦੀ 26 ਦਿਸੰਬਰ ਨੂੰ ਮਿਲੀ ਜਦੋਂ ਸਾਰੇ ਮੀਡੀਆਂ ਅਦਾਰਿਆਂ ਨੇ ਇਹ ਖ਼ਬਰ ਚਲਾਈ ਕਿ ਡਾ. ਮਨਮੋਹਨ ਸਿੰਘ ਜੀ ਨਹੀਂ ਰਹੇ। ਇਸ ਪੰਜਾਬ ਦੇ ਸਪੂਤ ਨੇ ਭਾਰਤ ਨੂੰ ਮਹਾ ਮੰਦਹਾਲੀ ’ਚੋਂ ਆਪਣੀ ਦਿਆਨਤਦਾਰੀ ਨਾਲ ਕੱਢਿਆ ਦੋ ਵਾਰੀ ਦੇਸ ਦੇ ਪ੍ਰਧਾਨ ਮੰਤਰੀ ਰਹੇ। ਡਾ. ਮਨਮੋਹਨ ਸਿੰਘ ਸੱਚਮੁੱਚ ਸਭ ਅਹੁੰਦਿਆਂ ਤੋਂ ਵੱਡੇ ਬੰਦੇ ਸੀ। ਉਹਨਾਂ ਦੀ ਕੀਰਤੀ ਨੂੰ ਦੇਸ਼ ਨਹੀਂ ਭੁਲਾ ਸਕੇਗਾ।

.......................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਪੈਦਲ ਮਾਰੇ ਹਾਥੀਆਂ ਸੰਗਿ ਰਥ ਗਿਰੇ ਅਸਵਾਰ ਕਉ॥**
ਇਹਨਾਂ ਤੀਰਾਂ ਨੇ ਪੈਦਲ ਫੌਜੀਆਂ, ਹਾਥੀਆਂ, ਰਥਾਂ ਅਤੇ ਘੋੜ ਅਸਵਾਰਾਂ ਨੂੰ ਡੇਗ ਦਿੱਤਾ।
Her arrows targeted demons on elephants, chariot's, horses and even those on two feet.

**ਸੋਹਨ ਸੰਜਾਂ ਬਾਗੜਾਂ ਜਣੁ ਲੱਗੇ ਫੁੱਲ ਅਨਾਰ ਕਉ॥**
ਸੰਜੋਆਂ ਵਿੱਚ ਵੱਜਿਆਂ ਤੀਰਾਂ ਦੀਆਂ ਬਾਗੜਾਂ ਇੰਜ ਸੋਹੰਦੀਆਂ ਸਨ, ਜਿਵੇਂ ਅਨਾਰ ਦੇ ਬੂਟੇ ਨੂੰ ਫੁੱਲ ਲਗੇ ਹੋਣ।
The way in which Her arrows pierced their armour made them look like pomegranates on a branch.

**ਗੁੱਸੇ ਆਈ ਕਾਲਿਕਾ ਹਥ ਸੱਜੇ ਲੈ ਤਲਵਾਰ ਕਉ॥**
ਕਾਲਿਕਾ ਸੱਜੇ ਹੱਥ ਵਿੱਚ ਤਲਵਾਰ ਨੂੰ ਲੈ ਕੇ ਗੁੱਸੇ ਵਿੱਚ ਭਰ ਆਈ।
Kalika grabbed a sword with her right hand and her anger grew.

**ਏਦੂ ਪਾਰਉ ਓਤ ਪਾਰ ਹਣਿ ਰਾਕਸਿ ਕਈ ਹਜਾਰ ਕਉ॥**
ਜੰਗ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਕਈ ਹਜ਼ਾਰ ਦੈਂਤਾਂ ਨੂੰ ਮਾਰ ਦਿੱਤਾ।
From one end of the war arena to the other, many thousands of demons had been killed.

**ਜਿਣ ਇੱਕਾ ਰਹੀ ਕੰਧਾਰ ਕਉ॥**
ਚੰਡਿਕਾ ਬੇਸ਼ੁਮਾਰ ਰਾਖਸ਼ਾਂ ਨੂੰ ਇਕੱਲੀ ਹੀ ਜਿੱਤ ਰਹੀ ਸੀ।
Chandika was shamelessly annihilating the demon army.

**ਸਦ ਰਹਮਤ ਤੇਰੇ ਵਾਰ ਕਉ॥49॥**
ਹੇ ਚੰਡਿਕਾ! ਤੇਰੇ ਵਾਰ ਨੂੰ ਸੈਂਕੜੇ ਹੀ ਬਖਸ਼ਿਸ਼ਾਂ ਹਨ।
O'Chandika! Your attack is lined with blessings.

**ਪਉੜੀ॥**
**ਦੁਹਾਂ ਕੰਧਾਰਾਂ ਮੁਹਿ ਜੁੜੇ ਸੱਟ ਪਈ ਜਮਧਾਣ ਕਉ॥**
ਨਗਾਰੇ 'ਤੇ ਚੋਟ ਵੱਜੀ ਤੇ ਦੋਹਾਂ ਧੜਿਆਂ ਦੀ ਟੱਕਰ ਸ਼ੁਰੂ ਹੋ ਗਈ।
The war drum was beaten, and the two armies started to fight again.

**ਤਦ ਖਿੰਗ ਨਿਸੁੰਭ ਨਚਾਇਆ ਡਾਲਿ ਉੱਪਰ ਬਰਗਸਤਾਣ ਕਉ॥**
ਓਦੋਂ ਨਿਸੁੰਭ ਦੈਂਤ ਨੇ ਸੰਜੋਅ ਪਾ ਕੇ ਨੁਕਰਾ ਘੋੜਾ ਨਚਾਇਆ।
It was then that Sumbh put on his armour and pranced on his horse into war.

**ਫੜੀ ਬਿਲੰਦ ਮਗਾਇਉਸੁ ਫੁਰਮਾਇਸ ਕਰਿ ਮੁਲਤਾਨ ਕਉ॥**

ਮੁਲਤਾਨ ਤੋਂ ਬਹੁਤ ਫੁਰਮਾਇਸ ਨਾਲ ਬਣਵਾਈ ਕਮਾਣ ਰਾਜੇ ਨਿਸੁੰਭ ਨੇ ਹੱਥ ਵਿੱਚ ਫੜੀ।

King Sumbh bought with him a bow which
he had received from Multaan after a commendation.

**ਗੁੱਸੇ ਆਈ ਸਾਮ੍ਹਣੇ ਰਣਿ ਅੰਦਰਿ ਘੱਤਣ ਘਾਣ ਕਉ॥**

ਚੰਡਿਕਾ ਮੈਦਾਨੇ-ਜੰਗ ਵਿੱਚ ਵੈਰੀਆਂ ਦਾ ਘਾਣ ਕਰਨ ਲਈ ਗੁੱਸਾ ਖਾ ਕੇ ਸਾਹਮਣੇ ਆਈ।

The enraged Chandika confronted the attackers in the war arena.

**ਅਗੈ ਤੇਗ ਵਗਾਈ ਦੁਰਗਸ਼ਾਹ ਬਢਿ ਬਹੀ ਨਿਸੁੰਭ ਪਲਾਣ ਕਉ॥**

ਨਿਸੁੰਭ ਦੇ ਹਮਲੇ ਤੋਂ ਪਹਿਲਾਂ ਹੀ ਦੁਰਗਾ ਨੇ ਤਲਵਾਰ ਦਾ ਵਾਰ ਕਰਕੇ ਨਿਸੁੰਭ ਤੇ ਉਸਦਾ ਘੋੜਾ ਚੀਰ ਦਿੱਤੇ।

Even before Ni-Sumbh could attack,
Durga managed to land a fatal blow on Ni-Sumbh and his horse.

**ਰੜਕੀ ਜਾਇ ਕੈ ਧਰਤ ਕਉ ਬਢਿ ਪਾਖਰ ਬਢਿ ਕਿਕਾਣ ਕਉ॥**

ਤਲਵਾਰ ਘੋੜੇ ਅਤੇ ਉਸਦੇ ਕਵਚ ਨੂੰ ਵੱਢਦੀ ਹੋਈ ਧਰਤੀ ਨੂੰ ਜਾ ਵੱਜੀ।

Her sword cut cleanly through the horse and continued down into the ground.

**ਬੀਰ ਪਲਾਣੋ ਡਿੱਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ॥**

ਸੁੰਭ ਨੂੰ ਸਿਜਦਾ ਕਰਦਾ ਹੋਇਆ, ਉਸ ਦਾ ਯੋਧਾ-ਭਰਾ ਕਾਠੀ ਤੋਂ ਡਿੱਗ ਪਿਆ।

Saluting and bowing his head to Sumbh's feet, Ni-sumbh fell from his saddle.

**ਸ਼ਾਬਾਸ਼ ਸਲੋਣੇ ਖਾਨ ਕਉ॥**

ਹੇ ਨਿਸੁੰਭ! ਤੇਰੇ ਸਲੂਣੇ ਭੋਜਨ ਖਾਣ ਨੂੰ ਸ਼ਾਬਾਸ਼ ਹੈ!

O'Sumbh! I applaud your hefty diet!

**ਸਦਾ ਸ਼ਾਬਾਸ਼ ਤੇਰੇ ਤਾਣ ਕਉ॥**

ਤੇਰੇ ਜ਼ੋਰ ਨੂੰ ਸਦਾ ਸ਼ਾਬਾਸ਼ ਹੈ!

You will always be commended for your force/will.

**ਤਾਰੀਫਾਂ ਪਾਨ ਚਬਾਨ ਕਉ॥**

ਤੇਰਾ ਪਾਨ ਚੱਬਣਾ ਵੀ ਸਿਫ਼ਤ ਯੋਗ ਹੈ!

Even the way you chewed paan was great!

**ਸਦ ਰਹਮਤ ਕੈਫਾਂ ਖਾਨ ਕਉ॥**

ਤੇਰੇ ਮਦਹੋਸ਼ ਹੋਣ ਨੂੰ ਵੀ ਸ਼ਾਬਾਸ਼ ਹੈ!

You, being intoxicated is also commendable.

**ਨਾਮਧਾਰੀ ਨਿਤਨੇਮ ਸਟੀਕ ’ਚੋਂ**

# ਸਤਿਜੁਗ ਦਾ ਵਿਸ਼ੇਸ਼ ਯੁਵਕ ਅੰਕ



**ਡਾ. ਗੁਰਦੇਵ ਸਿੰਘ ਸਿੱਧੂ**
**9417049417**

ਸੰਯੁਕਤ ਰਾਸ਼ਟਰ ਸੰਘ ਨੇ ਸਾਲ 1985 ਨੂੰ "ਵਿਸ਼ਵ ਯੁਵਕ ਵਰ੍ਹਾ" ਵਜੋਂ ਮਨਾਉਣ ਦਾ ਐਲਾਨ ਕੀਤਾ। ਮਨੋਰਥ ਇਹ ਸੀ ਕਿ ਨੌਜਵਾਨਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਗਤੀਵਿਧੀਆਂ ਵਿਚ ਪ੍ਰਭਾਵਸ਼ਾਲੀ ਭਾਈਵਾਲ ਬਣਨ ਦੇ ਯੋਗ ਬਣਾਉਣ ਵਾਸਤੇ ਉਹਨਾਂ ਦੇ ਢੁਕਵੇਂ ਚਰਿੱਤਰ ਨਿਰਮਾਣ ਵੱਲ ਵਿਸ਼ਵ ਦਾ ਧਿਆਨ ਦਵਾਇਆ ਜਾਵੇ। ਦਿੱਬ-ਦ੍ਰਿਸ਼ਟੀ ਦੇ ਸੁਆਮੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਤੋਂ ਕਈ ਦਹਾਕੇ ਪਹਿਲਾਂ ਹੀ ਅਜਿਹੀ ਲੋੜ ਨੂੰ ਅਨੁਭਵ ਕਰ ਚੁੱਕੇ ਸਨ ਅਤੇ ਇਸ ਲੋੜ ਨੂੰ ਪੂਰੀ ਕਰਨ ਖਾਤਰ ਉਹਨਾਂ ਭੈਣੀ ਸਾਹਿਬ ਮੇਲੇ ਦੇ ਦਿਨੀਂ ਮੁਖੀਆਂ ਦੇ ਸੰਮੇਲਨ ਦੌਰਾਨ ਨੌਜਵਾਨਾਂ ਨੂੰ ਵੀ ਆਪਣੀ ਗੱਲ ਕਹਿਣ ਦਾ ਮੌਕਾ ਦੇਣ ਦੀ ਪ੍ਰਥਾ ਸ਼ੁਰੂ ਕੀਤੀ। ਕੁੱਝ ਵਰ੍ਹਿਆਂ ਦੀ ਕਾਰਗੁਜ਼ਾਰੀ ਵੇਖ ਕੇ ਸਤਿਗੁਰੂ ਜੀ ਇੰਨੇ ਕੁ ਨਾਲ ਸੰਤੁਸ਼ਟ ਨਹੀਂ ਸਨ ਹੋਏ ਅਤੇ ਚਾਹੁੰਦੇ ਸਨ ਕਿ ਨਵੇਂ ਪੋਚ ਨੂੰ ਆਪਣੇ ਅਨੁਭਵ, ਆਪਣੀਆਂ ਮੁਸ਼ਕਲਾਂ ਅਤੇ ਲੋੜਾਂ ਦਾ ਬਿਆਨ ਕਰਨ ਵਾਸਤੇ ਖੁੱਲ੍ਹਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਫਲਸਰੂਪ ਉਹਨਾਂ ਦੇ ਨਿਰਦੇਸ਼ ਦੀ ਪਾਲਣਾ ਕਰਦਿਆਂ ਯੁਵਕ ਸੰਮੇਲਨ ਆਯੋਜਿਤ ਕੀਤੇ ਜਾਣ ਲੱਗੇ। ਇਹਨਾਂ ਦੀ ਲੜੀ ਵਿਚ ਹੀ "ਸਤਿਜੁਗ" ਪੱਤਰ ਦਾ ਅੰਕ ਜਿਲਦ 42, ਨੰਬਰ 20 ਜੋ "15 ਹਾੜ 2024, ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 152, 29 ਜੂਨ 1967" ਨੂੰ ਪ੍ਰਕਾਸ਼ਿਤ ਹੋਇਆ, ਨੂੰ ਵਿਸ਼ੇਸ਼ ਰੂਪ ਵਿਚ "ਯੁਵਕ ਅੰਕ" ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਗਿਆ।

ਇਹਨੀ ਦਿਨੀਂ "ਸਤਿਜੁਗ" ਦੀ ਪ੍ਰਕਾਸ਼ਨਾ ਸ੍ਰੀ ਜੀਵਨ ਨਗਰ ਤੋਂ ਹੁੰਦੀ ਸੀ ਅਤੇ ਇਸ ਦੇ ਸੰਪਾਦਕ ਦੀ ਜ਼ੁੰਮੇਵਾਰੀ ਸੰਤ ਸਵਰਨ ਸਿੰਘ ਸਨੇਹੀ ਜੀ ਨਿਭਾ ਰਹੇ ਸਨ। ਸਨੇਹੀ ਜੀ ਨੇ ਇਸ ਅੰਕ ਦੀ ਸੰਪਾਦਕੀ "ਵਿਦਿਅਕ ਸੰਮੇਲਨ ਦੀ ਪਹਿਲੀ ਦੇਣ" ਸੁਰਖੀ ਹੇਠ ਲਿਖਦਿਆਂ ਇਸ ਦੇ ਪਿਛੋਕੜ ਬਾਰੇ ਇਹ ਜਾਣਕਾਰੀ ਦਿੱਤੀ, "ਕਈ ਵਰ੍ਹੇ ਹੋ ਗਏ ਹਨ ਸਾਨੂੰ, ਨਾਮਧਾਰੀ ਯੁਵਕਾਂ ਨੂੰ, ਸਾਲ ਦੇ ਸਾਲ ਮਿਲ ਬਹਿੰਦਿਆਂ ਨੂੰ। ਪਰ ਪਿਛਲੇ ਸਾਲ ਦਾ ਵਿਦਿਅਕ ਸੰਮੇਲਨ ਕੁਝ ਵਧੇਰੇ ਸਫ਼ਲ ਕਿਹਾ ਜਾ ਸਕਦਾ ਹੈ। ਜਦੋਂ ਪਹਿਲਾਂ ਪਹਿਲਾਂ ਜੱਥੇਦਾਰਾਂ ਤੇ ਨੌ-ਜਵਾਨਾਂ ਨੂੰ ਇਕੱਠਿਆਂ ਹੀ ਸ੍ਰੀ ਭੈਣੀ ਸਾਹਿਬ-ਮੇਲੇ ਦੇ ਦਿਨਾਂ ਵਿੱਚ ਸੱਦਿਆ ਜਾਂਦਾ ਸੀ ਉਸ ਸਮੇਂ ਬਹੁਤਾ ਵਕਤ ਜਥੇਦਾਰ ਲੈ ਜਾਂਦੇ ਸਨ ਤੇ ਜਾਂ ਮੇਲਾ। ਨੌਜਵਾਨਾਂ ਦੇ ਹਿੱਸੇ ਬਹੁਤ ਥੋੜਾ ਸਮਾਂ ਹੁੰਦਾ ਸੀ ਪਰ ਜਦੋਂ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਗਰੀਬ ਨਿਵਾਜ਼ ਜੀ ਨੇ "ਜਵਾਨ ਤੋਤਿਆਂ" ਵੱਲ ਵਧੇਰੇ ਵਕਤ ਦੇਣ ਦੀ ਸੋਚੀ ਤੇ ਪਹਿਲਾਂ ਇੱਕ ਸਪਤਾਹ (ਫਿਰ ਕੁਝ ਦਿਨ ਹੋਰ ਵੱਧ) ਸਿਰਫ ਨੌਜਵਾਨਾਂ ਲਈ ਹੀ ਉਚੇਚੇ ਤੌਰ ਤੇ ਕੱਢੇ ਤਾਂ ਸਿੱਟੇ ਪਹਿਲਾਂ ਨਾਲੋਂ ਕੁਝ ਸੰਤੋਖ ਜਨਕ ਸਨ।"

"ਸਤਿਜੁਗ" ਦੇ ਇਸ "ਯੁਵਕ ਅੰਕ" ਵਿਚ ਬੇਸ਼ੱਕ ਹੋਰ ਸਮਗਰੀ ਵੀ ਸ਼ਾਮਲ ਸੀ ਪਰ ਕੁੱਝ ਲੇਖ ਅਤੇ ਕਵਿਤਾਵਾਂ ਨੌਜਵਾਨਾਂ ਨਾਲ ਸੰਬੰਧਿਤ ਸਨ ਜਿਨ੍ਹਾਂ ਵਿਚ ਨੌਜਵਾਨਾਂ ਨੂ ਉਹਨਾਂ ਦੇ ਮਹਾਨ ਵਿਰਸੇ ਦਾ ਚੇਤਾ ਕਰਵਾ ਕੇ ਚਰਿੱਤਰਵਾਨ ਬਣਨ ਦਾ ਸੰਦੇਸ਼ ਦਿੱਤਾ ਗਿਆ ਹੈ। ਇਸ ਪੱਖ ਤੋਂ ਦੋ ਲੇਖ "ਅੱਜ ਦਾ ਨਾਮਧਾਰੀ ਤੇ ਪਿਛੋਕੜ" ਅਤੇ "ਵਤਨ ਦੇ ਵੀਰਾਂ ਨੂੰ" ਉਲੇਖ ਯੋਗ ਹਨ। ਸੰਤੋਖ ਸਿੰਘ ਸਾਜਨ ਲਿਖਤ ਪਹਿਲੇ ਲੇਖ ਵਿਚ, ਜਿਵੇਂ ਇਸ ਦੇ ਨਾਉਂ ਤੋਂ ਹੀ ਪ੍ਰਗਟ ਹੈ, ਸਤਿਗੁਰੂ ਰਾਮ ਸਿੰਘ ਜੀ ਤੋਂ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਨਾਮਧਾਰੀਆਂ ਦੇ ਪ੍ਰਸ਼ੰਸਾਯੋਗ ਆਚਰਣ ਦੇ ਮੁਕਾਬਲੇ ਵਰਤਮਾਨ ਸਮੇਂ ਆਈ ਆਚਰਣਿਕ ਗਿਰਾਵਟ ਦੇ ਹਵਾਲੇ ਨਾਲ ਨੌਜਵਾਨ ਨਾਮਧਾਰੀਆਂ ਨੂੰ ਇਉਂ ਚੌਕਸ ਕੀਤਾ ਗਿਆ ਹੈ:

"ਨਾਮਧਾਰੀ ਨੌ-ਜੁਆਨੋ! ਸਮਾਂ ਬੇਸ਼ਕ ਸੌ ਵਾਰ ਤਬਦੀਲ ਹੋ ਜਾਵੇ, ਜ਼ਮਾਨਾ ਬੇਸ਼ੱਕ ਕਿੰਨਾ ਵਹਿਣਾਂ ਵਿੱਚ ਬਹਿ ਜਾਵੇ ਪਰ ਤੁਹਾਡੇ ਲਈ ਇਸ ਦੇ ਨਾਲ ਕਦਮ ਮਿਲਾ ਕੇ ਦੋ ਪੈਰ ਵੀ ਤੁਰਨਾ ਘਾਟੇ ਵਾਲੀ ਨਹੀਂ, ਸਗੋਂ ਸ਼ਰਮ ਵਾਲੀ ਗੱਲ ਹੈ। ਤੁਹਾਡਾ ਪਿਛੋਕੜ ਤੁਹਾਨੂੰ ਇਸ ਗੱਲ ਤੋਂ ਸੁਚੇਤ ਕਰਦਾ ਹੈ। ਤੁਸਾਂ ਸਮੇਂ ਦੇ ਨਾਲ ਰਲ ਕੇ ਨਹੀਂ ਤੁਰਨਾ, ਜੇ ਜ਼ਮਾਨਾ ਬਦਚਲਨੀ ਭਰਿਸ਼ਟਾਚਾਰ ਵੱਲ ਵਧੇ ਤਾਂ ਤੁਸਾਂ ਅੱਖਾਂ ਮੀਟ ਕੇ ਮਗਰ ਨਹੀਂ ਲੱਗਣਾ, ਸਗੋਂ ਇਸ ਦੀ ਵਾਗ ਨੂੰ ਹੱਥ ਵਿੱਚ ਲੈ ਕੇ ਇਸ ਨੂੰ ਰਸਾਤਲ ਵੱਲ ਜਾਂਦੇ ਨੂੰ ਧੂ ਕੇ ਉਸ ਪੱਧਰ ਤੇ ਤੋਰਨਾ ਹੈ ਜਿਧਰੋਂ ਮੁਹੱਬਤ ਦੀ ਮਹਿਕ ਆਉਂਦੀ ਹੋਵੇ, ਜਿਸ ਪਾਸੇ ਪਿਆਰ ਦੇ ਸਾਗਰ ਠਾਠਾਂ ਮਾਰ ਰਹੇ ਹੋਣ। ਇਸ ਨਿਘਰਦੇ ਜ਼ਮਾਨੇ ਦੀ ਅਗਵਾਈ ਕਰਕੇ ਉਥੇ ਪਹੁੰਚਾ ਦਿਓ ਜਿੱਥੇ ਨੇਕੀ, ਦਇਆ, ਪਰਉਪਕਾਰ, ਨਿਮਰਤਾ, ਮਿਠਾਸ, ਭਲਾਈ ਤੇ ਪ੍ਰੇਮ ਭਗਤੀ ਦੇ ਵੰਨ ਸੁਵੰਨੇ ਧਰਮ ਦੇ ਗਮਲਿਆਂ ਵਿੱਚ ਫੁੱਲ ਟਹਿਕ ਰਹੇ ਹੋਣ।"

ਲੇਖਕ ਨੌਜਵਾਨ ਪੀੜ੍ਹੀ ਨੂੰ ਸਲਾਹ ਦਿੰਦਾ ਹੈ, "ਨੌ-ਜੁਆਨੋ! ਸਮਾਂ ਮੰਗ ਕਰਦਾ ਹੈ ਤੁਹਾਡੀ ਅਗਵਾਈ ਦੀ, ਤੁਸੀਂ ਆਪਣੇ ਫਰਜ਼ ਨੂੰ ਨਾ ਭੁਲੋ ਅਤੇ ਆਪਣੇ ਆਪ ਨੂੰ ਸੰਭਾਲੋ ਅਤੇ ਜ਼ਮਾਨੇ ਨੂੰ ਅਗਵਾਈ ਦਿਓ। ਤੁਸੀਂ ਨੌ-ਜੁਆਨ ਖ਼ੂਨ ਲੈ ਕੇ ਅੱਗੇ ਤੁਰੋ ਤਾਂ ਕਿ ਜ਼ਮਾਨਾ ਤੁਹਾਡੇ ਮਗਰ ਤੁਰੇ .... ਇਸ ਲਈ ਸਭ ਤੋਂ ਪਹਿਲਾਂ ਤੁਸੀਂ ਆਪਣੇ ਆਪ ਦਾ ਸੁਧਾਰ ਕਰੋ, ਤੁਸੀਂ ਆਪਣੀਆਂ ਵਾਸ਼ਨਾਵਾਂ ਦੇ ਮੂੰਹ ਲਗਾਮ ਦਿਓ ਤੇ ਸਭ ਤੋਂ ਪਹਿਲੋਂ ਤੁਸੀਂ ਆਪਣੇ ਧਰਮ ਨੂੰ ਪਛਾਣੋ।.... ਤੁਸੀਂ ਆਪਣਾ ਆਪ ਬਲਵਾਨ ਕਰੋ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੱਸੇ ਅਸੂਲਾਂ ਤੇ ਤੁਰ ਕੇ ਦੁਨੀਆਂ ਨੂੰ ਸਹੀ ਰਸਤਾ ਵਿਖਾਓ।"

ਦੂਜੇ ਲੇਖ ਦਾ ਲੇਖਕ ਸ੍ਰੀ ਰਤਨ ਸਿੰਘ ਸੰਤ ਨਗਰ ਹੈ। ਇਸ ਲੇਖ ਵਿਚ ਇਹੋ ਸੁਨੇਹਾ ਵੱਖਰੇ ਸੰਦਰਭ ਵਿਚ ਦਿੱਤਾ ਗਿਆ ਹੈ। ਜਿੱਥੇ ਪਹਿਲੇ ਲੇਖ ਵਿਚ ਲੇਖਕ ਨੇ ਨਾਮਧਾਰੀ ਵਿਰਸੇ ਨੂੰ ਸਾਹਮਣੇ ਰੱਖਿਆ ਸੀ ਉੱਥੇ ਸ੍ਰੀ ਰਤਨ ਸਿੰਘ ਨੇ ਇਸ ਲੇਖ ਵਿਚ ਰੂਸ ਵਿਚ ਇਨਕਲਾਬ ਆਉਣ ਤੋਂ ਪਿੱਛੋਂ ਮੁਲਕ ਦੀ ਤਰੱਕੀ ਵਿਚ ਰੂਸੀ ਯੁਵਕਾਂ ਦੇ ਯੋਗਦਾਨ ਨੂੰ ਸਲਾਹੁੰਦਿਆਂ ਨਾਮਧਾਰੀ ਗੱਭਰੂਆਂ ਨੂੰ ਉਹਨਾਂ ਦੀ ਮਿਸਾਲ ਤੋਂ ਪ੍ਰੇਰਨਾ ਲੈਣ ਲਈ ਆਖਿਆ ਹੈ। ਲੇਖਕ ਵਰਤਮਾਨ ਪੀੜ੍ਹੀ ਨੂੰ ਇੰਦ੍ਰਿਆਵੀ ਸੁੱਖ ਸੁਆਦ ਨੂੰ ਤਿਆਗ ਕੇ ਉਚੇਰੇ ਆਦਰਸ਼ ਦੀ ਪ੍ਰਾਪਤੀ ਲਈ ਜੂਝਣ ਵਾਸਤੇ ਇਉਂ ਵੰਗਾਰਦਾ ਹੈ:

"ਅਫਸੋਸ ਕਿ ਸਾਡੇ ਦੇਸ਼ ਦਾ ਜਵਾਨ-ਹੜ੍ਹ ਫੈਸ਼ਨ ਪ੍ਰਸਤੀ ਵਿੱਚ ਗੜੁੱਚ ਹੋ ਕੇ ਦੇਸ਼ ਦੀਆਂ ਮੁਸ਼ਕਲਾਂ ਤੋਂ ਅਣਜਾਣ ਹੈ। ਦੇਸ਼ ਦਾ ਹਰ ਗੱਭਰੂ ਆਪਣੀ ਪੁਰਾਤਨ ਸੰਸਕ੍ਰਿਤੀ ਤੋਂ ਬੇਧਿਆਨਾ ਹੋ ਕੇ ਨਸ਼ੇ ਤੇ ਫੈਸ਼ਨ ਦੇ ਹੜ੍ਹ ਵਿੱਚ ਬਹਿ ਰਿਹਾ ਹੈ ਤੇ ਦੇਸ਼ ਦੀਆਂ ਇਸਤਰੀਆਂ ਵਿੱਚ ਵੀ ਫੈਸ਼ਨ ਦਾ ਦੌਰਾ ਤੇਜ ਹੁੰਦਾ ਜਾ ਰਿਹਾ ਹੈ। ਅੱਜ ਦੇਸ਼ ਦੇ ਹਰ ਰਾਂਝੇ ਨੂੰ ਰੂਸ ਦੇ ਫਰਿਆਦ ਤੋਂ ਤੇ ਦੇਸ਼ ਦੀ ਹਰ ਹੀਰ ਨੂੰ ਸ਼ੀਰੀਂ ਪਾਸੋਂ ਇਹ ਸਵਾਲ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਉਹ ਲੋਕ-ਲਾਜ ਤਜ ਕੇ ਲੋਕ ਹਿੱਤ ਮੁਖ ਰੱਖ ਤੇ ਦੇਸ਼- ਉਸਾਰੂ ਮੰਚ ਤੇ ਮੋਢੇ ਨਾਲ ਮੋਢਾ ਜੋੜ ਕੇ ਅਗਾਂਹ ਵਧੇ।"

ਲੇਖਕ "ਜ਼ਮੀਨ ਤੋਂ ਉੱਠ ਕੇ ਅੰਬਰ ਦੇ ਹੱਸਦਿਆਂ ਤਾਰਿਆਂ ਨੂੰ ਛੋਹਣ ਵਾਲੇ" ਇਬਰਾਹੀਮ ਲਿੰਕਨ, ਹਿਟਲਰ, ਸਟਾਲਨ ਅਤੇ ਲਾਲ ਬਹਾਦਰ ਸ਼ਾਸਤਰੀ ਦੀ ਉਦਾਹਰਨ ਦੇ ਕੇ ਇਹ ਸਿੱਧ ਕਰਦਾ ਹੈ ਕਿ "ਚੌਗਿਰਦੇ ਨੂੰ ਅਤੇ ਦੇਸ਼ ਨੂੰ ਖ਼ੁਸ਼ਹਾਲ ਬਨਾਣ ਲਈ ਕੇਵਲ ਜਵਾਨੀ ਇਕ ਚੱਪੂ ਹੈ।..... ਅੱਜ ਵਤਨ ਦੇ ਆਰਥਿਕ ਸੰਕਟ ਨੂੰ ਸੁਲਝਾਣ ਦਾ ਭਾਰ ਦੇਸ਼ ਦੇ ਨੌਜਵਾਨਾਂ ਦੇ ਸਿਰ ਹੈ ਅੱਜ ਜੇ ਨੌਜਵਾਨਾਂ ਦੀ ਅਣਖ ਤੇ ਜਵਾਨੀ ਜਿੰਦੀ ਹੈ ਤਾਂ ਅਗਾਂਹ ਵੱਧ ਕੇ ਸੋਚ ਸਮਝ ਕੇ ਉੱਤਰ ਦੇਵੇ ਤੇ ਜਵਾਨੀ ਦੇ ਜੋਸ਼ ਵਿੱਚ ਵਤਨ ਦੀ ਸੰਸਕ੍ਰਿਤੀ ਦਾ ਧਿਆਨ ਰੱਖਣਾ ਜਰੂਰੀ ਹੈ।"

ਇਸ ਅੰਕ ਵਿਚ ਸ਼ਾਮਲ ਕਵਿਤਾਵਾਂ ਵੀ ਨੌਜਵਾਨ ਨੂੰ ਆਪਣੇ ਵਿਰਸੇ ਪ੍ਰਤਿ ਸੁਚੇਤ ਕਰਦਿਆਂ ਮਾਨਵਤਾ ਦੀ ਸੇਵਾ ਵਾਸਤੇ ਵਡੇਰੇ ਕਾਰਜ ਕਰਨ ਦੀ ਪ੍ਰੇਰਨਾ ਦੇਣ ਵਾਲੀਆਂ ਹਨ। ਪਰਮਜੀਤ ਸਿੰਘ ਢਿੱਲੋਂ ਲਿਖਤ ਰੁਬਾਈ ਵਿਚ ਨੌਜਵਾਨਾਂ ਨੂੰ ਸੰਬੋਧਿਤ ਹੁੰਦਿਆਂ ਲਿਖਿਆ ਗਿਆ ਹੈ:

ਓ ਨਾਮਧਾਰੀ ਨੌਜਵਾਨ,
ਪੰਥ ਦੀ ਹੈਂ ਤੂੰ ਜਿੰਦ ਜਾਨ।
ਤੇਰੀ ਇਹ ਦਸਤਾਰ ਜੋ ਸਿੱਧੀ,
ਸਿੱਖ ਪੰਥ ਦੀ ਹੈ ਇਹ ਸ਼ਾਨ।
ਤੁਰਿਆ ਜਾ ਤੂੰ ਰਾਹ ਧਰਮ ਦੇ,
ਤਹਿ ਹੋ ਜਾਣ ਕੰਮ ਵਿਸ਼ਾਲ।
ਸਿਰ ਤੇਰੇ ਤੇ ਸਦਾ ਰਹੇਗਾ,
ਸਤਿਗੁਰ ਜੀ ਦਾ ਹੱਥ ਮਹਾਨ।

ਨਾਮਧਾਰੀ ਨਵ-ਯੁਵਕ ਨੂੰ ਮਹਾਨ ਵਿਰਸੇ ਦੀ ਯਾਦ ਦੁਆਉਂਦਿਆਂ ਉਸ ਨੂੰ ਹੁਣ ਵੀ ਲੋਕ-ਭਲਾਈ ਲਈ ਜੂਝਦੇ ਰਹਿਣ ਦੀ ਪ੍ਰੇਰਨਾ ਦੇਣ ਵਾਲੀ ਇਕ ਹੋਰ ਕਵਿਤਾ-

**ਬਾਕੀ ਸਫ਼ਾ ਨੰ. 20 'ਤੇ**

# ਅਬਿਚਲ ਨਗਰੁ ਗੋਬਿੰਦ ਗੁਰੂ ਕਾ



## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤਖ਼ਤ ਹਜ਼ੂਰ ਸਾਹਿਬ ਦਾ ਦੌਰਾ

**ਗੁਰਲਾਲ ਸਿੰਘ**
**9780097898**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਦਾ ਅਹਿਮ ਪੜਾਅ ਹੈ ਤਖ਼ਤ ਸ੍ਰੀ ਹਜ਼ੂਰ ਸਾਹਿਬ। ਮੁਕਤਸਰ ਦੀ ਜੰਗ ਤੋਂ ਬਾਅਦ ਦਮਦਮਾ ਸਾਹਿਬ ਤੋਂ ਅਕਤੂਬਰ 1706 ਈ. ਨੂੰ ਸ੍ਰੀ ਗੁਰੂ ਜੀ ਰਾਜਪੂਤਾਨੇ ਵੱਲ ਰਵਾਨਾ ਹੋਏ। ਰਾਜਸਥਾਨ ਦੇ ਸ਼ਹਿਰ ਨੌਹਰ, ਸੁਹਾਵਾ, ਉਦੈਪੁਰ, ਅਜਮੇਰ, ਭੀਲਵਾੜਾ ਅਤੇ ਚਿਤੌੜਗੜ੍ਹ ਵਿਚੋਂ ਨਿਕਲਦਿਆਂ ਅਨੇਕਾਂ ਦਰਸ਼ਨ ਅਭਿਲਾਸ਼ੀਆਂ ਨੂੰ ਨਿਹਾਲ ਕੀਤਾ। ਬਘੌਰ (ਭੀਲਵਾੜਾ) ਸਥਾਨ 'ਤੇ ਭਾਈ ਦਯਾ ਸਿੰਘ ਗੁਰੂ ਜੀ ਨੂੰ ਮਿਲੇ ਜਿਨ੍ਹਾਂ ਨੇ ਔਰੰਗਜ਼ੇਬ ਦੇ ਮੌਤ ਦੀ ਖ਼ਬਰ ਦਿੱਤੀ। (ਜੋ ਅਰੰਗਜੇਬ ਨੂੰ ਜਫ਼ਰਨਾਮਾ ਦੇਣ ਔਰੰਗਾਬਾਦ ਗਏ ਸੀ।)

ਦਯਾ ਸਿੰਘ ਤਾਹੀ ਦਿਸਾ ਮਿਲਾ ਪ੍ਰਭੂ ਸੋ ਆਇ॥
ਗੁਰਜਦਾਰ ਦਿੱਲੀ ਗਯੋ ਵਹਿ ਉਸ ਰਾਹਿ ਨ ਜਾਇ॥

ਇਥੋਂ ਹੀ ਨਵੇਂ ਬਾਦਸ਼ਾਹ ਨਾਲ ਗੱਲਬਾਤ ਕਰਨ ਲਈ ਗੁਰੂ ਜੀ ਨੇ ਦਿੱਲੀ ਵੱਲ ਰੁੱਖ ਕੀਤਾ। ਆਗਰੇ ਵਿਖੇ ਇਹ ਮੁਲਾਕਾਤ ਤਹਿ ਹੋਈ। 23 ਜੁਲਾਈ 1707 ਈ. ਨੂੰ ਕੁਝ ਚੌਣਵੇਂ ਸਿਖਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਬਾਹਦਰ ਸ਼ਾਹ ਨੂੰ ਮਿਲੇ। ਬਾਦਸ਼ਾਹ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਇਹ ਤਖ਼ਤ ਆਪ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਹੈ ਮੇਰੀ ਸਥਿਤੀ ਹੁਣ ਸਥਿਰ ਰਹੇ। ਕੁਝ ਕੀਮਤੀ ਭੇਟਾਵਾਂ ਵੀ ਬਾਦਸ਼ਾਹ ਨੇ ਗੁਰੂ ਜੀ ਨੂੰ ਭੇਟ ਕੀਤੀਆਂ। ਬਾਦਸ਼ਾਹ ਨੇ ਰਾਜਪੂਤਾਨਾ ਵਿਚੋਂ ਹੁੰਦਿਆਂ ਹੋਇਆਂ ਦੱਖਣ ਔਰੰਗਾਬਾਦ ਵੱਲ ਬਾਕੀ ਸ਼ਾਹੀ ਸੈਨਾ ਨੂੰ ਮਿਲਣ ਜਾਣਾ ਸੀ; ਉਸ ਨੇ ਗੁਰੂ ਜੀ ਨੂੰ ਨਾਲ ਚੱਲਣ ਦੀ ਬੇਨਤੀ ਕੀਤੀ। ਜੋ ਪ੍ਰਵਾਨ ਹੋਈ। ਬਾਹਦਰ ਸ਼ਾਹ ਗੁਰੂ ਘਰ ਦੇ ਦੋਖੀਆਂ ਨੂੰ ਸਜਾਵਾਂ ਦੇਣ ਤੋਂ ਅਸਮਰਥ ਨਜ਼ਰ ਆਇਆ ਤਾਂ ਗੁਰੂ ਜੀ ਨੇ ਬੁਰਹਾਨਪੁਰ ਤੋਂ ਸ਼ਾਹੀ ਲਸ਼ਕਰ ਨਾਲੋਂ ਨਾਤਾ ਤੋੜ ਲਿਆ ਤੇ ਆਪ ਗੋਦਾਵਰੀ ਨਦੀ ਦੇ ਕੰਢੇ ਸਥਿਤ ਨਾਦੇੜ ਸ਼ਹਿਰ ਪਹੁੰਚੇ। ਇਥੇ ਹੀ ਆਪ ਮਾਧੋ ਦਾਸ ਬੈਰਾਗੀ ਨੂੰ ਮਿਲੇ। ਮਾਧੋਦਾਸ ਜੋ ਪੰਜਾਬ ਛੱਡ ਦੂਰ ਦੱਖਣ ਵਿੱਚ ਗੋਦਾਵਰੀ ਕੰਢੇ ਡੇਰਾ ਬਣਾ ਬੈਠਾ ਸੀ। ਉਸ ਨੂੰ ਗੁਰੂ ਜੀ ਨੇ ਪੰਜਾਬ ਦੇ ਹਲਾਤਾਂ ਤੋਂ ਜਾਣੂ ਕਰਵਾਇਆ ਤੇ ਦੱਸਿਆ ਜਿਸ ਧਰਤੀ 'ਤੇ ਬਜ਼ੁਰਗ ਮਾਵਾਂ ਤੇ ਦੁੱਧ ਦੰਦ ਬੱਚੇ ਸੁਰੱਖਿਅਤ ਨਹੀਂ, ਓਥੇ ਸ਼ਾਂਤੀ ਦਾ ਪਾਠ ਕੀ ਕੰਮ? ਮਾਧੋ ਦਾਸ ਨੂੰ 'ਗੁਰੂ ਕਾ ਬੰਦਾ' ਆਖਿਆ। ਬਹਾਦਰ ਦਾ ਖਿਤਾਬ ਬਖਸ਼ਿਆ। ਜਿਸ ਤੋਂ ਬੰਦਾ ਬਹਾਦਰ ਨਾਮ ਪ੍ਰਚਲਿਤ ਹੋਇਆ। ਇਸ ਹੀ ਜਗ੍ਹਾ ਗੁਰੂ ਗੋਬਿੰਦ ਸਿੰਘ ਜੀ 'ਤੇ ਪਠਾਣਾ ਨੇ ਛੁਰੇ ਨਾਲ ਵਾਰ ਕੀਤਾ। ਭਾਰੀ ਜਖ਼ਮ ਹੋਇਆ। ਠੀਕ ਹੋਣ ਤੇ ਕਈ ਦਿਨ ਲੱਗ ਗਏ। ਨਦੇੜ ਕੌਤਕ ਤੋਂ ਬਾਅਦ ਇਹ ਅਸਥਾਨ 'ਤੇ ਸਿੱਖ ਸੇਵਾ ਸੰਭਾਲ ਕਰਦੇ ਰਹੇ। ਨਿਜ਼ਾਮ ਹੈਦਰਾਬਾਦ ਦੀ ਰਿਆਸਤ ਵਿੱਚ ਫੈਲੀ ਬਦਅਮਨੀ 'ਤੇ ਕੰਟਰੋਲ ਕਰਨ ਲਈ ਨਿਜਾਮ ਨੇ ਮਹਾਰਾਜਾ ਰਣਜੀਤ ਸਿੰਘ ਕੋਲੋਂ ਫ਼ੌਜੀ ਸਹਾਇਤਾ ਮੰਗੀ। ਜੋ ਫ਼ੌਜ ਸਹਾਇਤਾ ਲਈ ਆਈ ਇਸ ਹੀ ਸਿੱਖ ਫ਼ੌਜੀ ਟੁਕੜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ 'ਤੇ ਉਸਾਰੀ ਕਰਵਾਈ। ਮਹਾਰਾਜਾ ਰਣਜੀਤ ਸਿੰਘ ਨੇ ਪੰਜ ਲੱਖ ਰੁਪਈਆ ਗੁਰਦੁਆਰੇ ਦੀ ਉਸਾਰੀ ਲਈ ਭੇਜਿਆ। ਕਈ ਫ਼ੌਜੀ ਪਰਿਵਾਰ ਇਥੇ ਹੀ ਰੁੱਕ ਗਏ। ਇਹ ਜਾਣਕਾਰੀ ਇਕ ਪੁਰਾਤਨ ਹੱਥ ਲਿਖਤ ਖਰੜੇ ਉਪਰ ਦਿੱਤੀ ਹੋਈ ਹੈ; ਇਹ ਖਰੜਾ ਬਾਬਾ ਨਿਧਾਨ ਸਿੰਘ ਦੇ ਗੁਰਦੁਆਰੇ ਦੇ ਇਕ ਮੁਨਸ਼ੀ ਕੋਲੋਂ ਮਿਲਿਆ। ਅੰਤਲੇ ਪੰਨੇ ਤੇ ਨਿਮਿਨਲਿਖਤ ਪੰਗਤੀਆਂ ਸਨ।

"ਸੰਮਤ 1886 ਫਗਣ ਵਦੀ ਪੰਚਮੀ ਦਿਨ ਐਤਵਾਰ ਟਕ ਲਾਯਾ ਡੇਢ ਪਹਰ ਦਿਨ ਚੜੇ ਵਦੀ ਦਸਮੀ ਦਿਨ ਐਤਵਾਰ ਡੇਢ ਪਹਿਰ ਦਿਨ ਰਹਤੇ ਨੀਹ ਧਰੀ ਬਾਹਰਲੀ, ਪੰਜਾਹ ਹਾਥ ਲੰਮੀ ਚਾਲ੍ਹੀ ਹਾਥ ਚੌੜੀ ਬਾਈ ਹਾਥ ਡੂੰਘੀ। ਚੇਤ ਸੁਦੀ ਚੌਧਵੀਂ ਦਿਨ ਬੁੱਧਵਾਰ ਦਰਬਾਰ ਸਾਹਿਬ ਕੀ ਨੀਵ ਧਰੀ ਅਬਚਲ ਨਗਰ ਸਾਹਿਬ ਹਜ਼ੂਰ ਦੀ ਸਵਾ ਪਹਿਰ ਦਿਨ ਚੜੇ ਤੇ। ਪੱਚੀ ਹਾਥ ਲੰਮੀ ਸਾਢੇ ਪਾਂਚ ਹਾਥ ਚੌੜੀ ਨੀਵ ਰਖੀ ਮੰਜੀ ਸਾਹਿਬ ਹਲਾਇਆ ਨਹੀਂ। ਹੋਰ ਸਬੂਤ ਪੱਕਾ ਹੋਯਾ। ਓਸ ਵਖ਼ਤ ਜੱਸਾ ਸਿੰਘ ਅੰਦਰਲਾ

ਪੁਜਾਰੀ ਸੀ। ਗਾਹੂ ਸਿੰਘ ਬਾਹਰਲਾ ਪੁਹਾਰੀ ਥਾਂ ਪੌੜੀਆਂ ਉਪਰ ਚਵਰ ਕਰਦਾ ਸੀ। ਕਰਮ ਸਿੰਘ ਧੂਪੀਆ ਧੂਪ ਧੁਖਾਉਂਦਾ ਸੀ। ਰਾਜਾ ਰਣਜੀਤ ਸਿੰਘ ਗੁਰੂ ਦਾ ਸਿੰਘ ਸੀ। ਰਣਜੀਤ ਸਿੰਘ ਨੇ ਮਾਇਆ ਭੇਜੀ ਔਰ ਚੰਦਾ ਸਿੰਘ ਕੋ ਭੇਜਿਆ ਸੀ। ਸੋ ਭੀ ਗੁਰੂ ਕਾ ਸਿਖ ਸੀ ਮਨ ਤਨ ਸੇ ਟਹਿਲ ਕਰਦਾ ਸੀ। ਰਾਜਾ ਰਣਜੀਤ ਸਿੰਘ ਨੇ ਅਬਚਲ ਨਗਰ ਸਾਹਿਬ ਦਰਬਾਰ ਸਾਹਿਬ ਦੀ ਟਹਿਲ ਕਰਾਈ। ਸੰਮਤ 1896 ਫਗਨ ਵਦੀ ਪੰਚਮੀ ਦਿਨ ਐਤਵਾਰ ਕੇ ਦਿਨ ਟਹਿਲਾ ਸ਼ੁਰੂ ਹੋਇਆ ਥਾ।"

**ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਸ੍ਰੀ ਹਜ਼ੂਰ ਸਾਹਿਬ ਦਾ ਪ੍ਰੋਗਰਾਮ–** ਨਵੰਬਰ ਮਹੀਨੇ ਸ੍ਰੀ ਸਤਿਗੁਰੂ ਜੀ ਨੇ ਸਿੱਖ ਸੇਵਕਾਂ ਨੂੰ ਹੁਕਮ ਕੀਤਾ ਕਿ ਇਸ ਵਾਰੀ ਹਜ਼ੂਰ ਸਾਹਿਬ ਜਾਇਆ ਜਾਵੇ। ਇਸ ਦੌਰੇ ਤੋਂ ਪਹਿਲਾਂ ਸੰਤ ਨਿਸ਼ਾਨ ਸਿੰਘ ਜੀ ਨਾਲ ਪਰਮ ਜੋਤ ਸਿੰਘ ਦਿੱਲੀ ਨੂੰ ਹਜ਼ੂਰ ਸਾਹਿਬ ਭੇਜਿਆ ਤਾਂ ਕਿ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ। ਸਤਿਗੁਰੂ ਜੀ ਦੇ ਆਉਣ ਬਾਰੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੂੰ ਅਤੇ ਗਿਆਨੀ ਰਾਮ ਸਿੰਘ ਜੀ ਨੂੰ ਜਦੋਂ ਸੰਤ ਨਿਸ਼ਾਨ ਸਿੰਘ ਜੀ ਨੇ ਦੱਸਿਆ ਤਾਂ ਉਹਨਾਂ ਵੱਡੀ ਖੁਸ਼ੀ ਦਾ ਇਜ਼ਹਾਰ ਕੀਤਾ। ਅੱਜ ਕੱਲ੍ਹ ਤਖਤ ਦੀ ਸੇਵਾ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਕਰ ਰਹੇ ਹਨ ਜਿਨ੍ਹਾਂ ਜਲਦੀ ਸੇਵਾ ਮੁਕਤ ਹੋ ਜਾਣਾ ਹੈ ਇਨ੍ਹਾਂ ਤੋਂ ਬਾਅਦ ਇਹ ਸੇਵਾ ਗਿਆਨੀ ਰਾਮ ਸਿੰਘ ਜੀ ਸੰਭਾਲਣਗੇ। ਤਖਤ ਦੀ ਸੇਵਾ ਇਕ ਕਰੜੀ ਘਾਲ ਹੈ ਜਿਸ ਵਿੱਚ ਕੋਈ ਛੁੱਟੀ ਨਹੀਂ। ਸਵੇਰ ਤੋਂ ਲੈ ਕੇ ਸ਼ਾਮ ਤੱਕ ਸੰਗਤ ਵਿੱਚ ਹੀ ਰਹਿਣਾ ਹੈ। ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਦਾ ਪਿਛਲਾ ਨਗਰ ਰਾਈਆਂ ਹੈ। ਇਨ੍ਹਾਂ ਦੇ ਦਾਦਾ ਜੀ ਦੱਖਣ ਵਿੱਚ ਗਏ ਸੀ। ਨਾਮਧਾਰੀਆਂ ਨਾਲ ਇਹ ਸਾਂਝ ਵੀ ਆਪ ਦੀ ਹੈ, ਇਸ ਕਰਕੇ ਹਜ਼ੂਰ ਸਾਹਿਬ ਗਏ ਹਰ ਨਾਮਧਾਰੀ ਨੂੰ ਆਪ ਉਚੇਚ ਕਰਕੇ ਮਿਲਦੇ ਹੋ। ਸਤਿਗੁਰੂ ਜੀ ਨਾਲ ਆਉਣ ਵਾਲੀ ਸੰਗਤ ਦਾ ਰਹਿਣ ਸਹਿਣ ਦਾ ਪ੍ਰਬੰਧ ਕੀਤਾ ਗਿਆ। ਇਸ ਕਾਰਜ ਨੂੰ ਪੂਰਾ ਕਰਕੇ ਸੰਤ ਜੀ ਜਦੋਂ ਵਾਪਸ ਆਏ ਤਾਂ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਜਾਣ ਵਾਲੇ ਬੰਦਿਆਂ ਦੇ ਨਾਵਾਂ ਦੀ ਲਿਸਟ ਬਣੀ ਪਰ ਹਰ ਘੰਟੇ ਇਸ ਲਿਸਟ ਵਿੱਚ ਇਜ਼ਾਫ਼ਾ ਹੁੰਦਾ ਗਿਆ।

18 ਦਸੰਬਰ ਨੂੰ ਸ੍ਰੀ ਸਤਿਗੁਰੂ ਜੀ ਨੰਦੇੜ ਏਅਰਪੋਰਟ 'ਤੇ ਉਤਰੇ। ਤਕਰੀਬਨ ਗਿਆਰਾਂ ਵਜੇ ਆਪ ਦੀ ਆਮਦ 'ਹਜ਼ੂਰੀ ਟਕਸਾਲ' ਵਾਲੇ ਸਥਾਨ 'ਤੇ ਹੋਈ। ਇਹ ਹਜ਼ੂਰੀ ਟਕਸਾਲ ਗਿਆਨੀ ਹਰਦੀਪ ਸਿੰਘ ਜੀ ਚਲਾਉਂਦੇ ਸੀ। ਗਿਆਨੀ ਹਰਦੀਪ ਸਿੰਘ ਜੀ ਤੋਂ ਹੀ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਹੁਰਾਂ ਵਿਦਿਆ ਪ੍ਰਾਪਤ ਕੀਤੀ ਹੈ। ਗਿਆਨੀ ਹਰਦੀਪ ਸਿੰਘ ਜੀ ਅੰਤਲੇ ਸਮੇਂ ਸ੍ਰੀ ਭੈਣੀ ਸਾਹਿਬ ਰਹੇ ਉਹਨਾਂ ਦਾ ਡਾਕਟਰੀ ਇਲਾਜ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਹੀ ਚੱਲਿਆ। ਇਹ ਹਜ਼ੂਰੀ ਟਕਸਾਲ ਵਿੱਚ ਬੱਚਿਆਂ ਨੂੰ ਪਾਠ, ਕੀਰਤਨ ਦੀ ਤਾਲੀਮ ਦਿੱਤੀ ਜਾਂਦੀ ਹੈ। ਇਹ ਤਿੰਨ ਮੰਜਲੀ ਟਕਸਾਲ ਦੀ ਦੂਜੀ ਮੰਜਿਲ 'ਤੇ ਨਾਮਧਾਰੀ ਸੰਗਤ ਦਾ ਲੰਗਰ ਸੀ ਅਤੇ ਤੀਜੀ ਮੰਜਿਲ 'ਤੇ ਲਾਂਗਰੀ ਲੰਗਰ ਬਣਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦਾ ਅਤੇ ਸੋਧੀਆਂ ਦਾ ਲੰਗਰ ਵੀ ਤੀਜੀ ਮੰਜਲ 'ਤੇ ਹੀ ਸੀ।

ਇਸ ਤਰ੍ਹਾਂ ਹੀ ਭਾਈ ਦਯਾ ਸਿੰਘ ਨਿਵਾਸ ਵਿੱਚ ਨਾਲ ਗਏ ਸਿੱਖਾਂ ਦੇ ਰਹਿਣ ਲਈ ਪੁਖਤਾ ਪ੍ਰਬੰਧ ਸੀ। ਸਤਿਗੁਰੂ ਜੀ ਵਾਸਤੇ ਨਾਦੇੜ ਤੋਂ ਦਸ ਕਿਲੋਮੀਟਰ ਬਾਹਰ ਹਿੰਗੋਲੀ ਰੋਡ 'ਤੇ ਫਾਰਮ ਹਾਊਸ ਕਰਾਏ 'ਤੇ ਲਿਆ ਸੀ ਜੋ ਬਹੁਤ ਸੁੰਦਰ ਬਣਿਆ ਸੀ।

18 ਦਸੰਬਰ ਤਖ਼ਤ 'ਤੇ ਦਰਸ਼ਨ ਲਈ ਸਤਿਗੁਰੂ ਜੀ ਸਮੇਤ ਸਿਖਾਂ ਸੇਵਕਾਂ ਦੇ ਤੁਰੇ। ਇਸ ਜਥੇ ਵਿੱਚ ਤਿੰਨ ਸਾਢੇ ਤਿੰਨ ਸੌ ਨਾਮਧਾਰੀ ਸਿਖ ਸੀ। ਇਕ ਵਾਰ ਤਾਂ ਗੁਰਦੁਆਰੇ ਦਾ ਬਾਹਰੀ ਆਲਾ ਦੁਆਲਾ ਨਾਮਧਾਰੀ ਦਸਤਾਰਾਂ ਨਾਲ ਭਰ ਗਿਆ। ਸਤਿਗੁਰੂ ਜੀ ਨੂੰ ਤਖਤ 'ਤੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੇ ਬੜੇ ਸਤਿਕਾਰ ਨਾਲ ਸਿਰਪਾਉ ਭੇਟ ਕੀਤਾ। ਨਾਲ ਆਏ ਸਿੰਘਾ ਦੇ ਵੀ ਸਿਰਪਾਉ ਪਾਏ ਗਏ। ਗੁਰਦੁਆਰਾ ਪਰਿਸਰ ਵਿੱਚ ਬਣੇ ਭਾਈ ਧਰਮ ਸਿੰਘ ਅਤੇ ਭਾਈ ਦਯਾ ਸਿੰਘ ਦੇ ਗੁਰਦੁਆਰੇ ਵੀ ਸਤਿਗੁਰੂ ਜੀ ਗਏ। ਇਸ ਤੋਂ ਬਾਅਦ ਸਿੰਘ ਸਾਹਿਬ ਦੇ ਨਿਵਾਸ ਅਸਥਾਨ 'ਤੇ ਸਤਿਗੁਰੂ ਜੀ ਦਾ ਸੋਧ ਦਾ ਲੰਗਰ ਤਿਆਰ ਸੀ ਜਿਥੇ ਸਤਿਗੁਰੂ ਜੀ ਕੁਝ ਸਿਘਾਂ ਨਾਲ ਗਏ।

**ਇਕ ਪ੍ਰੇਮ ਭਰੀ ਮੁਲਾਕਾਤ–** ਸਿੰਘ ਸਾਹਿਬ ਨੇ ਸਤਿਗੁਰੂ ਜੀ ਨੂੰ ਫਿਰ "ਜੀ ਆਇਆ ਆਖਿਆ" ਤੇ ਕਿਹਾ ਆਪ ਨੇ ਬੜੀ ਕਿਰਪਾ ਕੀਤੀ ਹੈ।" ਸਤਿਗੁਰੂ ਜੀ ਸਿਹਤ ਬਾਰੇ ਪੁਛਿਆ ਤਾਂ ਫਿਰ ਕਿਹਾ "ਆਪ ਦੀ ਕਿਰਪਾ ਨਾਲ ਠੀਕ ਹੈ।"

ਸ. ਸੁਵਰਨ ਸਿੰਘ ਵਿਰਕ (ਜੋ ਇਸ ਮਿਲਣੀ ਸਮੇਂ ਕੋਲ ਬੈਠੇ ਸਨ) ਨੇ ਸਿੰਘ ਸਾਹਿਬ ਨੂੰ ਪੁਛਿਆ ਆਪ ਦੇ ਦਾਦਾ ਜੀ ਰਾਈਆਂ ਤੋਂ ਇਥੇ ਆਏ ਸੀ?"

**ਸਿੰਘ ਸਾਹਿਬ–** ਜੀ ਹਾਂਜੀ, ਉਹਨਾਂ ਦਾ ਨਾਮ ਬਾਬਾ ਮੰਗਲ ਸਿੰਘ ਸੀ। ਉਹ 1902 ਦੇ ਕਰੀਬ ਆਏ।

**ਸਤਿਗੁਰੂ ਜੀ–** "ਉਸ ਤੋਂ ਬਾਅਦ ਫਿਰ ਦਾਦਾ ਜੀ ਇਥੇ ਹੀ ਰਹਿ ਗਏ?

**ਸਿੰਘ ਸਾਹਿਬ ਜੀ**– "ਜੀ ਮਹਾਰਾਜ ਜੀ ਦਸ਼ਮੇਸ਼ ਪਿਤਾ ਦੇ

ਚਰਨਾਂ ਨਾਲ ਪਿਆਰ ਪੈ ਗਿਆ। ਪਿਤਾ ਜੀ ਦਾ ਜਨਮ ਵੀ ਇਥੇ ਹੀ ਹੋਇਆ ਬਾਕੀ ਪਰਿਵਾਰ ਰਾਈਆਂ ਰਹਿੰਦਾ ਹੈ।

**ਸਤਿਗੁਰੂ ਜੀ–** "ਬਾਕੀ ਮਤਬਲ ਚਾਚੇ ਤਾਏ?"

**ਸਿੰਘ ਸਾਹਿਬ ਜੀ**– "ਹਾਂਜੀ ਮਹਾਰਾਜ"

ਜਦੋਂ ਬਾਬਾ ਮੰਗਲ ਸਿੰਘ ਜੀ ਇਥੇ ਆਏ ਤਾਂ ਉਹ ਕੜੇ ਬਣਾਉਂਦੇ ਸੀ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਸੁਣ ਕੇ ਫਿਰ ਕੜਾ ਦੇਣਾ, ਉਹਨਾਂ ਦਾ ਨਿਯਮ ਸੀ, ਪਾਠ ਸੁਣੇ ਬਿਨਾਂ ਕੜਾ ਨਹੀਂ ਦਿੰਦੇ ਸੀ। ਬਸ ਉਨ੍ਹਾਂ ਦੀਆਂ ਬਰਕਤਾਂ ਨੇ ਮਹਾਰਾਜ।

**ਵਿਰਕ ਜੀ–** ਆਪ ਜੀ ਦੇ ਪਿਤਾ ਦਾ ਸ਼ੁੱਭ ਨਾਮ?

**ਸਿੰਘ ਸਾਹਿਬ–** ਬਲਵੰਤ ਸਿੰਘ ਜੀ

**ਗੁਰਲਾਲ ਸਿੰਘ–** ਸਵੇਰ ਤੋਂ ਗਾਗਰ ਆਉਣ ਨਾਲ ਸਿੰਘ ਸਾਹਿਬ ਜੀ ਦੀ ਸੇਵਾ ਆਰੰਭ ਹੋ ਜਾਂਦੀ ਹੈ ਕਰੜੀਘਾਲ ਹੈ ਇਨ੍ਹਾਂ ਦੀ (ਸਤਿਗੁਰੂ ਜੀ ਨੂੰ ਸੰਬੋਧਿਤ ਹੋ ਇਹ ਸ਼ਬਦ ਆਖੇ?

**ਸਿੰਘ ਸਾਹਿਬ–** ਜੀ ਮਹਾਰਾਜ ਸਵੇਰੇ ਗਾਗਰੀਆਂ ਸਿੰਘ ਦੀ ਡਿਊਟੀ ਹੁੰਦੀ ਹੈ ਉਹ ਗਾਗਰ ਲੈ ਕੇ ਤਖਤ 'ਤੇ ਪਹੁੰਚਦਾ ਹੈ।

**ਵਿਰਕ ਜੀ:** ਆਪਣੇ ਵੀ ਰੋਜ ਕੇਸਾਂ ਵਿੱਚ ਜਲ ਪਾਉਣ ਦੀ ਮਰਿਆਦਾ ਹੈ?

**ਸਿੰਘ ਸਾਹਿਬ–** ਜੀ ਮਹਾਰਾਜ

**ਵਿਰਕ ਜੀ–** ਉਹ ਇਥੋਂ ਹੀ ਸ੍ਰੀ ਭੈਣੀ ਸਾਹਿਬ ਗਈ ਹੈ। (ਸਤਿਗੁਰੂ ਜੀ ਨੂੰ ਸੰਬੋਧਿਤ ਹੋ ਕੇ)

**ਸਤਿਗੁਰੂ ਜੀ–** ਅਠਾਰਾਂ ਸੌ ਸੱਠ ਇਕਾਠ ਵਿੱਚ ਭਾਈ ਰਾਏ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਭੇਜਿਆ ਸੀ। ਭਾਈ ਤੂੰ ਜਾ ਹਜ਼ੂਰ ਸਾਹਿਬ ਤੋਂ ਮਰਿਆਦਾ ਲੈ ਕੇ ਆ, ਕਿਉਂਕਿ ਪੰਜਾਬ ਵਿੱਚ ਮਰਿਆਦਾ ਖ਼ਤਮ ਹੋ ਗਈ ਸੀ। ਫੇਰ ਉਹਨਾਂ ਇਹ ਵੀ ਹੁਕਮ ਕੀਤਾ ਓਥੇ ਕੁਝ ਦਿਨ ਰਹਿ ਕੇ ਸਾਰੀ ਮਰਿਆਦਾ ਸਮਝਣੀ ਹੈ, ਰਹਿਰਾਸ ਦਾ ਪਾਠ ਕਿਵੇਂ ਹੁੰਦਾ ਹੈ, ਕੀਰਤਨ ਸੋਹਿਲਾ ਕਿਦਾਂ ਕਰਦੇ ਹਨ, ਆਸਾ ਦੀ ਵਾਰ ਕਿਵੇਂ ਲਾਉਂਦੇ ਹਨ। ਮਹਾਰਾਜ ਦਾ ਅਸਵਾਰਾ ਜਦੋਂ ਬਾਹਰ ਨਿਕਲਦਾ ਹੈ ਉਸ ਦੀ ਮਰਿਆਦਾ ਕੀ ਹੈ, ਫਿਰ ਉਹ ਇਥੇ ਰਹੇ ਜੀ, ਕਥਾ ਕਰਦੇ ਰਹੇ, ਕਥਾ ਕਰਦਿਆਂ-ਕਰਦਿਆਂ ਭੇਟਾ ਚੜ੍ਹ ਗਈ ਵਾਹਵਾ, ਸਤਿਗੁਰੂ ਜੀ ਕਿਹਾ ਸੀ ਗੁਰਦੁਆਰਿਉਂ ਭੇਟਾ ਨਹੀਂ ਲੈਣੀ, ਓਥੇਂ ਤਾਂ ਭੇਟਾ ਦਈਦੀ ਹੈ।

**ਸਿੰਘ ਸਾਹਿਬ–** ਫਿਰ ਉਹ ਇਥੋਂ ਲਿਖ ਕੇ ਲੈ ਗਏ?

**ਸਤਿਗੁਰੂ ਜੀ–** ਹਾਂ ਜੀ ਤਕਰੀਬਨ ਤਿੰਨ ਸਾਢੇ ਤਿੰਨ ਮਹੀਨੇ ਰਹਿ ਕੇ।

**ਸਿੰਘ ਸਾਹਿਬ ਜੀ–** ਸਾਡੀ ਰਹਿਰਾਸ ਵੱਡੀ ਹੈ, ਆਸਾ ਦੀ ਵਾਰ ਲੰਬੀ ਹੈ।

**ਸਤਿਗੁਰੂ ਜੀ–** ਆਸਾ ਦੀ ਵਾਰ ਕਿਵੇਂ ਵੱਡੀ ਹੈ ਕੁਝ ਫ਼ਰਕ ਹੈ?

**ਸਿੰਘ ਸਾਹਿਬ ਜੀ–** ਫਰਕ ਨਹੀਂ ਜੀ ਉਹ ਸ਼ੁਰੂ ਸਾਢੇ ਤਿੰਨ ਹੋ ਜਾਂਦੀ ਹੈ ਤੇ ਸਾਢੇ ਛੇ ਵਜੇ ਤੱਕ ਚਲਦੀ ਹੈ ਵਰਲਡ ਵਾਰ ਹੁੰਦਾ ਹੈ ਰਾਗੀ ਸਿੰਘ ਓਨਾਂ ਸਮਾਂ ਓਥੇ ਹੀ ਬੈਠੇ ਰਹਿੰਦੇ ਹਨ ਬਦਲਦੇ ਨਹੀਂ।

**ਸੰਤ ਨਿਸ਼ਾਨ ਸਿੰਘ ਜੀ–** ਦਰਬਾਰ ਸਾਹਿਬ (ਅੰਮ੍ਰਿਤਸਰ) ਰਾਗੀ ਬਦਲ ਦਿੱਤੇ ਜਾਂਦੇ ਹਨ ਅਨੰਦ ਦੀ ਚੌਂਕੀ ਅਤੇ ਬਿਲਾਵਲ ਦੀ ਚੌਂਕੀ ਲਈ।

**ਸਿੰਘ ਸਾਹਿਬ–** ਇਥੇ ਨਹੀਂ ਬਦਲਦੇ। ਆਸਾ ਦੀ ਵਾਰ ਦੀ ਸਮਾਪਤੀ ਤੇ ਇਕ ਛੰਦ ਅਕਾਲ ਉਸਤਤ 'ਚੋਂ ਇਕ ਸੁਖਮਨੀ ਸਾਹਿਬ ਵਿਚੋਂ।

**ਵਿਰਕ ਜੀ–** ਸਿੰਘ ਸਾਹਿਬ ਜੀ ਭਾਈ ਦਯਾ ਸਿੰਘ ਜੀ ਨੇ ਇਥੇ ਚਲਾਣਾ ਕੀਤਾ ਭਾਈ ਧਰਮ ਸਿੰਘ ਜੀ ਨੇ ਵੀ।

**ਸਿੰਘ ਸਾਹਿਬ–** ਹਾਂਜੀ ਇਥੇ ਹੀ ਅਕਾਲ ਚਲਾਣਾ ਕੀਤਾ।

**ਸਤਿਗੁਰੂ ਜੀ–** ਭਾਈ ਸਾਹਿਬ ਹੁਰੀਂ ਕਿਨ੍ਹਾਂ ਸਮਾਂ ਬਾਅਦ ਚੜ੍ਹਾਈ ਕੀਤੇ।

**ਗਿਆਨੀ ਰਾਮ ਸਿੰਘ ਜੀ–** ਥੋੜਾ ਸਮਾਂ ਹੀ ਬਾਅਦ ਹੀ ਚੜ੍ਹਾਈ ਕਰ ਗਏ ਸੀ। ਮਾਈ ਭਾਗੋ ਜਨਵਾੜੇ ਚੜ੍ਹਾਈ ਕੀਤੀ ਸੀ ਉਹਨਾਂ ਦਾ ਸੰਸਕਾਰ ਵੀ ਇਥੇ ਹੀ ਹੋਇਆ। (ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਈ ਭਾਗੋ ਦੀ ਸਮਾਧੀ ਸਥਲ 'ਤੇ ਗੁਰਦੁਆਰਾ ਤਖਤ ਸਾਹਿਬ ਨਾਲ ਹੀ ਹੈ।)

**ਸਤਿਗੁਰੂ ਜੀ–** ਅਖੰਡ ਪਾਠ ਨਾਲ ਜਪੁਜੀ ਸਾਹਿਬ ਦਾ ਪਾਠ ਚਲਦਾ ਹੈ?

**ਸਿੰਘ ਸਾਹਿਬ ਜੀ–** ਹਾਂ ਜੀ ਮਹਾਰਾਜ ਇਹ ਸ਼ੁਰੂ ਤੋਂ ਹੀ ਮਰਿਆਦਾ ਹੈ। ਦਸਮ ਗ੍ਰੰਥ ਸਾਹਿਬ ਦੇ ਪਾਠ ਨਾਲ ਜਾਪ ਸਾਹਿਬ ਦੇ ਪਾਠ ਹੁੰਦੇ ਹਨ।

**ਸਤਿਗੁਰੂ ਜੀ–** (ਮੁਸਕਰਾ ਕੇ) ਇਹ ਮਰਿਆਦਾ ਸਾਡੇ ਕੋਲ ਇਥੋਂ ਹੀ ਗਈ ਹੈ। ਅਸੀਂ ਵੀ ਇਸ ਤਰ੍ਹਾਂ ਹੀ ਕਰਦੇ ਹਾਂ।

**ਸੰਤ ਨਿਸ਼ਾਨ ਸਿੰਘ ਜੀ–** (ਸਤਿਗੁਰੂ ਜੀ ਨੂੰ ਸੰਬੋਧਨ ਹੁੰਦੇ ਹੋਏ) ਗਰੀਬ ਨਿਵਾਜ ਜੀ ਆਪਾਂ ਜਿੰਨੀਆਂ ਬੀੜਾ ਆਦਿ ਜਾਂ ਦਸਮ ਦੀਆਂ ਪ੍ਰਕਾਸ਼ ਕਰਦੇ ਹਾਂ ਓਨੇ ਹੀ ਜਪੁ ਜੀ, ਜਾਪ ਸਾਹਿਬ ਦੇ ਪਾਠ ਨਾਲ ਤੋਰਦੇ ਹਾਂ। ਪਰ ਇਥੇ ਜੇ ਦਸ ਪਾਠ ਆਦਿ ਗ੍ਰੰਥ ਸਾਹਿਬ ਦੇ ਚਲ ਰਹੇ ਹਨ ਤਾਂ ਇਕ ਹੀ ਪੋਥੀ ਜਪੁ ਜੀ ਸਾਹਿਬ ਦੀ ਰਖੀ ਜਾਂਦੀ ਹੈ ਦਸ ਨਹੀਂ। ਇਸ ਤਰ੍ਹਾਂ ਹੀ ਜਾਪ ਸਾਹਿਬ ਦੀ ਦਸਮ ਬੀੜਾਂ ਨਾਲ ਇਕ ਹੀ।

**ਸਿੰਘ ਸਾਹਿਬ ਜੀ–** ਮਹਾਰਾਜ ਪਹਿਲਾ ਇਥੇ ਵੀ ਇੰਵ ਹੀ ਸੀ। ਇਕ ਅਖੰਡ ਪਾਠ ਨਾਲ ਇਕ ਜਪੁਜੀ ਸਾਹਿਬ ਜਿਨ੍ਹੇ ਅਖੰਡ ਪਾਠ ਓਨੇ ਹੀ ਜਪੁਜੀ ਸਾਹਿਬ ਦੀਆਂ ਪੋਥੀਆਂ ਰਖੀਆਂ ਜਾਂਦੀਆ ਸਨ।

**ਸਤਿਗੁਰੂ ਜੀ–** ਠੀਕ... ਸਾਡੇ ਦਸਮ ਦੇ ਅਖੰਡ ਪਾਠ ਚਲਦੇ

ਰਹਿੰਦੇ ਹਨ। ਘੱਟ ਜ਼ਰੂਰ ਹੋ ਗਏ ਨੇ ਪਰ ਚਲਦੇ ਹਨ।

**ਸਿੰਘ ਸਾਹਿਬ ਜੀ–** ਮਹਾਰਾਜ ਜੀ ਮਾਸਟਰ ਜੀ (ਮਾਸਟਰ ਦਰਸ਼ਨ ਸਿੰਘ ਜੀ) ਨੇ ਸੋਹਣਾ ਬਣਾਇਆ ਹੈ ਪਾਠ। ਉਹਨਾ ਬਹੁਤ ਮਿਹਨਤ ਕੀਤੀ।

**ਸਤਿਗੁਰੂ ਜੀ–** ਆਪਾਂ ਭੇਜਿਆ ਹੈ ਇਹਨਾਂ ਨੂੰ ...?

**ਸੰਤ ਨਿਸ਼ਾਨ ਸਿੰਘ ਜੀ–** ਗਰੀਬ ਨਿਵਾਜ ਜੀ ਇਨ੍ਹਾਂ ਕੋਲ ਰਿਕਾਡਿੰਗ ਹੈ ਪੋਥੀਆਂ ਨਹੀਂ।

**ਸਤਿਗੁਰੂ ਜੀ–** ਪੋਥੀਆਂ ਵੀ ਭੇਜ ਦਈਏ।

**ਸਿੰਘ ਸਾਹਿਬ–** ਪੋਥੀਆਂ ਵੀ ਛਾਪੀਆਂ ਨੇ?

**ਸੰਤ ਨਿਸ਼ਾਨ ਸਿੰਘ ਜੀ–** ਦਰਬਾਰ ਵੀ ਦਸਮ ਦਾ ਛਾਪਿਆ ਹੈ।

**ਸਿੰਘ ਸਾਹਿਬ–** ਲੜੀ ਵਾਰ?

**ਸੰਤ ਨਿਸ਼ਾਨ ਸਿੰਘ ਜੀ–** ਨਹੀਂ ਪਦਛੇਦ। ਲੜੀਵਾਰ ਤਾਂ ਆਪ ਨੇ ਛਾਪਿਆ ਸੀ।

**ਸਿੰਘ ਸਾਹਿਬ–** ਬਹੁਤੇ ਲੋਕ ਲੜੀਵਾਰ ਦੇ ਲਾਗੇ ਨਹੀਂ ਜਾਂਦੇ ਕਹਿੰਦੇ ਹਨ ਬਾਬਾ ਬਦਲ ਕੇ ਲਿਆਉ। (ਇਹ ਬਚਨ ਸੁਣ ਸਾਰੇ ਮੁਸਕਰਾ ਪਏ।)

**ਸਤਿਗੁਰੂ ਜੀ–** ਹਾਂਜੀ, ਪਾਠ ਕਰਨਾ ਔਖਾ ਹੋ ਗਿਆ ਜੀ ਲੜੀਵਾਰ ਬੀੜ ਤੋਂ, ਹੁਣ ਪਾਠੀ ਨਹੀਂ ਲਭਦੇ ਲੜੀਵਾਰ ਤੋਂ ਪਾਠ ਕਰਨ ਵਾਲੇ।

**ਸੰਤ ਨਿਸ਼ਾਨ ਸਿੰਘ–** ਅਸੀਂ ਓਦੋਂ ਆਏ ਸੀ ਤੁਹਾਡੇ ਕੋਲੋਂ ਲੜੀਵਾਰ ਪੋਥੀਆਂ ਲੈ ਕੇ ਗਏ ਸੀ, ਗਿਆਨੀ ਜੀ ਵਾਲੀਆਂ ਪੋਥੀਆਂ ਦੀ ਪੀ.ਡੀ.ਐਫ਼. ਸਾਡੇ ਕੋਲ ਹੈਗੀ ਸੀ ਜਦੋਂ ਅਸੀਂ ਪੋਥੀਆਂ ਤਿਆਰ ਕਰ ਰਹੇ ਸੀ?

**ਸਿੰਘ ਸਾਹਿਬ–** ਗਿਆਨੀ ਕੌਣ?

**ਸੰਤ ਨਿਸ਼ਾਨ ਸਿੰਘ–** ਆਪ ਦੇ ਵਿਦਿਆ ਦਾਤੇ ਗਿਆਨੀ ਹਰਦੀਪ ਸਿੰਘ ਜੀ।

**ਸਿੰਘ ਸਾਹਿਬ–** ਅੱਛਾ-ਅੱਛਾ ਉਹਨਾਂ ਦੀ ਮਹਾਰਾਜ ਆਪ ਜੀ ਨੇ ਬਹੁਤ ਸੇਵਾ ਕੀਤੀ। (ਸਤਿਗੁਰੂ ਜੀ ਨੂੰ ਸੰਬੋਧਨ ਹੋ ਕੇ ਇਹ ਬਚਨ ਕੀਤਾ)

**ਸਤਿਗੁਰੂ ਜੀ–** ਸੇਵਾ ਉਹ ਪਰਮੇਸ਼ਰ ਆਪੇ ਕਰਨ ਕਰਾਉਣ ਵਾਲਾ ਹੈ ਜੀ।

**ਸਿੰਘ ਸਾਹਿਬ–** ਆਪ ਜੀ ਨੇ ਬਹੁਤ ਸੇਵਾ ਕੀਤੀ, ਸਾਂਭਿਆ ਆਪ ਜੀ ਨੇ, ਆਪ ਦੀ ਵੱਡੀ ਸੇਵਾ ਹੈ ਕਿੰਨਾ ਸਮਾਂ ਮਹਾਰਾਜ ਆਪ ਕੋਲ ਰਹੇ।

**ਸਤਿਗੁਰੂ ਜੀ–** ਥੋੜਾ ਹੀ ਤਿੰਨ ਕੁ ਮਹੀਨੇ ਹੀ, ਬੜੇ ਸਾਦੇ ਸੀ, ਉਂਝ ਹੀ ਬੈਠੇ ਰਹਿਣਾ ਕੋਈ ਇਹ ਨਹੀਂ ਮੇਰਾ ਉਚੇਚ ਹੋਵੇ, ਵਿਦਵਾਨ ਸੱਜਣ ਸਨ।

**ਸੰਤ ਨਿਸ਼ਾਨ ਸਿੰਘ–** ਸਿੰਘ ਸਾਹਿਬ ਜੀ ਗਿਆਨੀ ਜੀ ਬੜੀ ਵਾਰ ਓਥੇ ਬਚਨ ਕਰਨਾਂ ਮੇਰਾ ਹੁਣ ਜਾਣ ਨੂੰ ਜੀ ਨਹੀਂ ਕਰਦਾ ਮੇਰਾ ਜੀਅ ਕਰਦਾ ਮੈਂ ਭੈਣੀ ਸਾਹਿਬ ਰਹਾਂ।

ਗਰੀਬ ਨਿਵਾਜ ਜੀ (ਸਤਿਗੁਰੂ ਜੀ ਨੂੰ ਸੰਬੋਧਿਤ ਹੋ ਕੇ) ਸਿੰਘ ਸਾਹਿਬ ਜੀ ਦੀ ਗਿਆਨੀ ਜੀ ਦੇ ਭੋਗ ਸਮਾਗਮ ਦੀ ਰਿਕਾਡਿੰਗ ਹੈ ਇਨ੍ਹਾਂ ਨੇ ਆਪਣੇ ਵਿਦਿਆ ਗੁਰੂ ਨੂੰ ਬੜੇ ਸਤਿਕਾਰ ਭਰੇ ਸ਼ਬਦ ਕਹੇ ਇਥੋਂ ਤੱਕ ਕਿਹਾ ਮੈਂ ਜੋ ਕੁਝ ਹਾਂ ਵਿਦਿਆ ਦਾਤੇ ਕਰਕੇ ਹਾਂ।

**ਸਿੰਘ ਸਾਹਿਬ–** ਇਹ ਉਹਨਾਂ ਦੀ ਕਿਰਪਾ ਸੀ ਮਹਾਰਾਜ।

**ਸੰਤ ਨਿਸ਼ਾਨ ਸਿੰਘ–** ਗਿਆਨੀ ਰਾਮ ਸਿੰਘ ਜੀ ਵੀ ਉਹਨਾਂ ਤੋਂ ਪੜ੍ਹੇ ਸੀ।

**ਸਿੰਘ ਸਾਹਿਬ–** ਹਾਂਜੀ ਮਹਾਰਾਜ ਉਹਨਾਂ ਕੋਲੋਂ ਹੀ ਪੜ੍ਹੇ।

**ਗੁਰਲਾਲ ਸਿੰਘ–** ਗਰੀਬ ਨਿਵਾਜ ਜੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਤਖਤ 'ਤੇ ਪ੍ਰਕਾਸ਼ ਦਸਮ ਬੀੜ ਦਾ ਹੋਣ ਕਰਕੇ ਬਹੁਤ ਸਾਰੇ ਦਸਮ ਵਿਰੋਧੀਆਂ ਲਈ ਇਹ ਵੱਡਾ ਜਵਾਬ ਹੈ। ਇਹ ਦੋਵੇਂ ਤਖਤ ਦਸਮ ਬਾਣੀ ਦਾ ਪ੍ਰਚਾਰ ਕਰਦੇ ਹਨ। (ਇਸ ਸਮੇਂ ਸਿੰਘ ਸਾਹਿਬ ਜੀ ਨੇ ਸ਼ਬਦਾਰਥ ਦੀਆਂ ਪੋਥੀਆਂ ਸਤਿਗੁਰੂ ਜੀ ਨੇ ਭੇਟ ਕੀਤੀਆਂ ਅਤੇ ਦਸਮ ਬਾਣੀ ਦੇ ਟੀਕਿਆਂ ਬਾਰੇ ਵਿਸਥਾਰ ਨਾਲ ਚਰਚਾ ਸ਼ੁਰੂ ਹੋ ਗਈ। ਕਿਸ ਮਹਾਪੁਰਖ ਨੇ ਕਿਹੜਾ ਟੀਕਾ ਕੀਤਾ ਹੈ।

ਸਿੰਘ ਸਾਹਿਬ ਜੀ ਨੇ ਕਿਹਾ ਆਪ ਜੀ ਨਾਲ ਬਹੁਤ ਸੰਗਤ ਆਈ ਰੌਣਕ ਬਣ ਗਈ। ਸਤਿਗੁਰੂ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸ਼ਤਰ ਵੇਖਣ ਦੀ ਇੱਛਾ ਜਾਹਰ ਕੀਤੀ ਤਾਂ ਸਿੰਘ ਸਾਹਿਬ ਜੀ ਕਿਹਾ ਆਪ ਜੀ ਸ਼ਾਮ ਨੂੰ ਸੱਤ ਵਜੇ ਤੱਖਤ 'ਤੇ ਆ ਜਾਣਾ ਅਸੀਂ ਜਗ੍ਹਾ ਰੱਖਾਂਗੇ। ਸ਼ਾਮ ਦੀ ਤਖਤ ਸਾਹਿਬ 'ਤੇ ਕੀਰਤਨ ਹਾਜ਼ਰੀ ਦੀ ਗੱਲ ਚਲੀ ਤਾਂ ਸਿੰਘ ਸਾਹਿਬ ਕਿਹਾ ਸਾਨੂੰ ਖੁਸ਼ੀ ਹੋਵੇਗੀ ਤੁਸੀਂ ਕੀਰਤਨ ਕਰੋ।

ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਪੈਕਟ ਬੰਦ ਮਾਇਆ ਭੇਟ ਕੀਤੀ। ਸਤਿਗੁਰੂ ਜੀ ਇਹ ਕਹਿ ਵਾਪਸ ਕੀਤੀ "ਸਾਡਾ ਤਾਂ ਗੁਰਦੁਆਰੇ ਮਾਇਆ ਦੇਣ ਦਾ ਫ਼ਰਜ ਹੈ ਸਾਨੂੰ ਤਾਂ ਸਤਿਗੁਰੂ ਜੀ ਵਲੋਂ ਇਹ ਹੁਕਮ ਨਹੀਂ ਗੁਰਦੁਆਰਿਉ ਮਾਇਆ ਲੈਣ ਦਾ। ਸਿੰਘ ਸਾਹਿਬ ਜੀ ਕਿਹਾ "ਇਹ ਮਾਇਆ ਨਹੀਂ ਪਿਆਰ ਹੈ ਪ੍ਰਵਾਨ ਕਰੋ" ਸਤਿਗੁਰੂ ਜੀ ਕਿਹਾ ਤੁਸੀਂ ਇਥੇ ਹੀ ਵਰਤੋ ਸਿਰਪਾਉ ਨੂੰ ਹੱਥ ਲਾ ਕਿਹਾ ਇਹ ਹੀ ਠੀਕ ਹੈ। ਸ੍ਰੀ ਸਤਿਗੁਰੂ ਜੀ ਸੋਧ ਦਾ ਪ੍ਰਸ਼ਾਦਾ ਪਾਣੀ ਜੋ ਡੇਰੇ ਤੋਂ ਬਣ ਕੇ ਆਇਆ ਸੀ ਉਹ ਇਥੇ ਸਿੰਘ ਸਾਹਿਬ ਦੇ ਨਿਵਾਸ ਸਥਾਨ 'ਤੇ ਛਕਿਆ।

**ਸਿੰਘ ਸਾਹਿਬ ਜੀ ਨੂੰ ਪਤਾ ਸੀ ਕਿ ਸਤਿਗੁਰੂ ਜੀ**

**ਦੀ ਸੋਧ ਹੈ ਨਾਲ ਦੇ ਸਿੰਘ ਵੀ ਮਾਸ ਸ਼ਰਾਬ ਵਰਤਣ ਵਾਲਿਆਂ ਦੇ ਭਾਂਡੇ ਨਹੀਂ ਵਰਤਦੇ ਤਾਂ ਸੰਤ ਨਿਸ਼ਾਨ ਸਿੰਘ ਜੀ ਨੂੰ ਉਹਨਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੋ ਵੀ ਲੰਗਰ ਪਾਣੀ ਦੀ ਰਸਦ ਲਗੇਗੀ ਉਹ ਸਾਡੇ ਵਲੋਂ ਭੇਟ ਕੀਤੀ ਜਾਵੇਗੀ। ਤੁਸੀਂ ਬਿਬੇਕ ਨਾਲ ਬਣਾ ਵਰਤਾ ਛਕਾ ਲਿਉ। ਜਦੋਂ ਸੰਤ ਜੀ ਕਿਹਾ ਇਸ ਤਖਲੀਫ਼ ਦੀ ਲੋੜ ਨਹੀਂ ਤਾਂ ਸਿੰਘ ਸਾਹਿਬ ਜੀ ਕਿਹਾ ਮੈਂ ਗੁਰੂ ਕਲਗੀਧਰ ਨੂੰ ਕੀ ਮੂੰਹ ਦਿਖਾਵਾਂਗਾ। ਜਦੋਂ ਉਹ ਪੁਛਣਗੇ ਮੇਰੇ ਸਿੰਘ ਆਏ ਸੀ ਤੂੰ ਪ੍ਰਸ਼ਾਦ ਪਾਣੀ ਨਹੀਂ ਛਕਾਇਆ ਇਹ ਪਰਸਪਰ ਪ੍ਰੇਮ ਦੀ ਵੱਡੀ ਮਿਸਾਲ ਹੈ।**

**ਗੁਰਦੁਆਰਿਆ ਦੇ ਦਰਸ਼ਨ–** ਤਖ਼ਤ ਸਾਹਿਬ ਤੋਂ ਬਾਅਦ ਸਤਿਗੁਰੂ ਜੀ ਨਗੀਨਾ ਗਾਟ, ਬੰਦਾ ਘਾਟ, ਸ਼ਿਕਾਰਘਾਟ, ਹੀਰਾ ਘਾਟ, ਮਾਲ ਟੇਕੜੀ ਸਾਹਿਬ, ਦਰਸ਼ਨ ਕਰਨ ਗਏ। ਸਭ ਗੁਰਦੁਆਰਿਆਂ ਦੇ ਪੁਜਾਰੀਆਂ ਨੇ ਸਤਿਗੁਰੂ ਜੀ ਨੂੰ ਸਿਰਪਾਉ ਪਾ ਸਵਾਗਤ ਕੀਤਾ। ਸ਼ਾਮ ਨੂੰ ਤਖ਼ਤ ਸਾਹਿਬ ਸ਼ਸ਼ਤਰਾਂ ਦੇ ਦਰਸ਼ਨ ਕੀਤੇ।

**ਸ਼ਾਮ ਦਾ ਕੀਰਤਨ–** ਤਖ਼ਤ ਸਾਹਿਬ ਦੇ ਬਾਹਰੀ ਪਰਿਕਰਮਾ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਜੁੜ ਬੈਠੀ। ਸ੍ਰੀ ਸਤਿਗੁਰੂ ਜੀ ਹਜ਼ੂਰੀ ਵਿੱਚ ਰਾਗੀ ਸਤਨਾਮ ਸਿੰਘ, ਹਰਪ੍ਰੀਤ ਸਿੰਘ ਅਤੇ ਗੁਰਭਗਤ ਸਿੰਘ ਨੇ ਕੀਰਤਨ ਅਰੰਭ ਕੀਤਾ ਸ਼ਬਦ ਸੀ– "ਅਬਿਚਲ ਨਗਰੁ ਗੋਬਿੰਦ ਗੁਰ ਕਾ"
"ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ"
"ਸਾਚੁ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"
"ਰਾਖਤ ਹੈ ਅਪਨੈ ਕਰ ਦੈ ਕਰ ਪਾਪ ਸਬੂਹ ਨ ਭੇਟਨ ਪਾਵੈ"
"ਐਸੇ ਗੁਰ ਕਉ ਬਲਿ ਬਲਿ ਜਈਐ"

ਕੀਰਤਨ ਦਾ ਐਸਾ ਰੰਗ ਬਣਿਆ ਸਿੰਘ ਸਾਹਿਬ ਜਦੋਂ ਆਏ ਤਾਂ ਮੰਤਰ ਮੁਗਧ ਹੋ ਕੇ ਬੈਠੇ ਰਹੇ ਅਤੇ ਹੋਰ ਸਮਾਂ ਲਗਾਉਣ ਦੀ ਫਰਮਾਇਸ਼ ਕਰਦੇ ਰਹੇ। ਜੈਕਾਰਿਆ ਨਾਲ ਕੀਰਤਨ ਸਮਾਪਤ ਹੋਇਆ।

**19–12–2024–** ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹਜ਼ੂਰੀ ਟਕਸਾਲ ਦੇ ਗਰਾਊਂਡ ਫਲੋਰ 'ਤੇ ਲੱਗੀ। ਅੱਜ ਦਾ ਪ੍ਰੋਗਰਾਮ ਪ੍ਰਸ਼ਾਦਾ ਪਾਣੀ ਛੱਕ ਕੇ ਭਗਤ ਨਾਮ ਦੇਵ ਜੀ ਦਾ ਜਨਮ ਅਸਥਾਨ ਅਤੇ ਦੇਹੁਰਾ ਫੇਰਨ ਵਾਲੀ ਜਗਾ ਵੇਖਣਾ ਸੀ। ਸਤਿਗੁਰੂ ਜੀ ਦਾ ਕਾਫਲਾ ਚੱਲ ਕੇ ਨਰਸੀ ਭਗਤ ਨਾਮਦੇਵ ਜੀ ਦੇ ਜਨਮ ਅਸਥਾਨ 'ਤੇ ਪੁੱਜਿਆ। ਪਹਿਲਾਂ ਪਿੰਡ ਵਿੱਚ ਬਣਿਆ ਇਕ ਮੰਦਿਰ ਵੇਖਿਆ ਜੋ ਭਗਤ ਨਾਮਦੇਵ ਜੀ ਦੇ ਨਾਮ 'ਤੇ ਬਣਿਆ ਸੀ। ਫਿਰ ਜਨਮ ਅਸਥਾਨ ਜਿਸ 'ਤੇ ਲੁਧਿਆਣੇ ਦੇ ਕਿਸੇ ਟ੍ਰਸਟ ਨੇ ਕਬਜਾ ਕਰ ਇਮਾਰਤ ਬਣਾਈ ਹੈ ਉਥੇ ਗਏ।

**ਔਂਡਾ ਨਾਗਨਾਥ–** "ਔਂਡਾ ਨਾਗਨਾਥ ਉਹ ਸਥਾਨ ਜਿਥੇ ਪੁਰਾਤਨ ਸ਼ਿਵ ਮੰਦਰ ਹੈ ਇਹ ਸ਼ਿਵ ਮੰਦਰ ਦੀ ਬਣਤਰ ਅਜੰਤਾ ਅਲੌਰਾ ਦੀਆਂ ਗੁਫਾਵਾਂ ਦੇ ਸਮੇਂ ਦੀ ਲਗਦੀ ਹੈ। ਇਥੇ ਪੰਡਿਤਾ ਨੇ ਭਗਤ ਨਾਮ ਦੇਵ ਜੀ ਨੂੰ ਅੰਦਰ ਨਹੀਂ ਵੜਣ ਦਿੱਤਾ ਸੀ। ਮੰਦਰ ਦੇ ਪਿਛੇ ਜਦੋਂ ਉਹ ਜਾ ਬੈਠ ਗਏ ਤਾਂ ਮੰਦਰ ਉਸ ਪਾਸੇ ਨੂੰ ਘੁੰਮ ਗਿਆ। ਨਾਮਦੇਵ ਦੀ ਚੱਕੀ ਦੇ ਪੁਜਾਰੀ ਨੇ ਸਤਿਗੁਰੂ ਜੀ ਨੂੰ "ਜੀ ਆਇਆ ਆਖਿਆ" ਸਾਰਾ ਮੰਦਰ ਅਤੇ ਨਾਮਦੇਵ ਜੀ ਦੀ ਚੱਕੀ ਦਿਖਾਈ। ਸਤਿਗੁਰੂ ਜੀ ਨੇ ਪੁਰਾਤਨ ਸ਼ਿਵ ਮੰਦਰ ਦੇ ਗਰਭ ਗ੍ਰਹਿ ਵੇਖਣ ਦੀ ਇਛਾ ਜਾਹਰ ਕੀਤੀ ਤਾਂ ਚੱਕੀ ਦੇ ਪੁਜਾਰੀ ਨੇ ਮੁੱਖ ਪੰਡਤ ਨੂੰ ਸਤਿਗੁਰੂ ਜੀ ਬਾਰੇ ਦੱਸਿਆ ਇਕ ਲਾਈਨ ਖਾਲੀ ਕਰ ਕੇ ਅੰਦਰ ਲਿਜਾਣ ਲਈ ਰਾਜੀ ਹੋ ਗਏ। ਸਤਿਗੁਰੂ ਜੀ ਨਾਲ ਅਸੀਂ ਚਾਰ ਪੰਜ ਜਾਣਿਆ ਨੇ ਦਰਸ਼ਨ ਕਰ ਲਏ। ਥੱਲੇ ਪੁਰਾਤਨ ਸ਼ਿਵਲਿਗ ਸੀ ਅਤੇ ਆਲਾ ਦੁਆਲਾ ਸਚੁਮੱਚ ਆਪਣੀ ਪੁਰਾਤਨਤਾ ਬਾਰੇ ਆਪ ਦਸ ਰਿਹਾ ਸੀ ਬਾਰੇ ਦਸ ਰਿਹਾ ਸੀ। ਇਥੋਂ ਸਤਿਗੁਰੂ ਜੀ ਦਾ ਕਾਫਲਾ ਵਾਪਸ ਡੇਰੇ ਆ ਗਿਆ। ਸ਼ਾਮ ਨੂੰ ਸਤਿਗੁਰੂ ਜੀ ਸੰਗਤਾ ਨੂੰ ਨਿਹਾਲ ਕਰਦੇ ਹੈਦਰਾਬਾਦ ਨੂੰ ਚਾਲੇ ਪਾ ਗਏ।

**ਤਖਤ 'ਤੇ ਇਕ ਦਿਨ ਦਾ ਲੰਗਰ ਨਾਮਧਾਰੀ ਪੰਥ ਵਲੋਂ–** 19 ਤਰੀਕ ਨੂੰ ਸਵੇਰ ਦਾ ਲੰਗਰ ਨਾਮਧਾਰੀ ਸੰਗਤ ਵਲੋਂ ਕਰਵਾਇਆ ਗਿਆ। ਸਵੇਰ ਦੀ ਲੰਗਰ ਅਰਦਾਸ ਨਾਮਧਾਰੀ ਸੰਗਤ ਦੀ ਚੜਦੀ ਕਲਾ ਦੀ ਸੀ।

**ਇਕ ਸੰਤ ਪੁਲਸੀਆ–** ਸਤਿਗੁਰੂ ਜੀ ਅਠਾਰਾਂ ਤਰੀਕ ਨੂੰ ਜਦੋਂ ਏਅਰ ਪੋਰਟ ਉਤਰੇ ਤਾਂ ਇਕ ਸਕਿਊਰਟੀ 'ਚ ਤੈਨਾਤ ਪੁਲਿਸ ਵਾਲੇ ਨੂੰ ਦਰਸ਼ਨਾਂ ਦੀ ਐਸੀ ਖਿਚ ਲੱਗੀ ਉਹ ਛੁੱਟੀ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਹਜ਼ੂਰ ਸਾਹਿਬ ਡੇਰੇ ਵਾਲੀ ਜਗਾ ਆ ਗਿਆ। ਜਦੋਂ ਸਤਿਗੁਰੂ ਜੀ ਸੰਗਤਾਂ ਨਾਲ ਤਖਤ ਤੇ ਦਰਸ਼ਨ ਲਈ ਜਾ ਰਹੇ ਸਨ ਤਾਂ ਉਸ ਨੇ ਗੋਡੇ ਭਾਰ ਹੋ ਮੱਥਾ ਟੇਕ ਅਰਜ਼ ਕੀਤੀ "ਮੈਨੂੰ ਆਪਣੇ ਆਤਮਿਕ ਸਰੂਪ ਦੇ ਦਰਸ਼ਨ ਹੋਣ। ਸਤਿਗੁਰੂ ਜੀ ਮੁਸਕਰਾ ਕੇ ਕਿਹਾ ਇਹ ਮੰਗ ਤੁਹਾਡੀ ਬਹੁਤ ਵਧੀਆ ਹੈ। ਉਸ ਕਿਹਾ ਮੈਨੂੰ ਪਹਿਲਾ ਆਪਣੇ ਅੰਦਰ ਇਕ ਪ੍ਰਕਾਸ਼ ਦਾ ਰਸ ਆਉਂਦਾ ਸੀ ਜੋ ਕੁਝ ਸਮੇਂ ਤੋਂ ਖ਼ਤਮ ਹੋ ਗਿਆ ਹੁਣ ਜਦੋਂ ਏਅਰਪੋਰਟ ਆਪ ਦੇ ਦਰਸ਼ਨ ਕੀਤੇ ਤਾਂ ਉਹ ਰਸ ਫਿਰ ਪੈਦਾ ਹੋ ਗਿਆ। ਮੈਨੂੰ ਛੁੱਟੀ ਨਹੀਂ ਮਿਲਦੀ ਸੀ ਮੈਂ ਬੜੀ ਮੁਸ਼ਕਿਲ ਨਾਲ ਛੁੱਟੀ ਲੈ ਕੇ ਆਇਆ ਹਾਂ ਆਪ ਮੇਰੇ ਤੇ ਕਿਰਪਾ ਕਰੋ। ਇਹ ਪੁਲਿਸ ਵਾਲਾ ਦੋ ਦਿਨ ਸੰਗਤ 'ਚ ਹੀ ਰਿਹਾ।

# ਇੱਕ ਰਾਜ ਯੋਗੀ ਹਰਵਿੰਦਰ ਸਿੰਘ ਹੰਸਪਾਲ ਦਾ ਪਰਿਵਾਰਕ ਪਿਛੋਕੜ ਅਤੇ ਸਾਹਿਤਕ ਸਫ਼ਰ



**ਸੁਵਰਨ ਸਿੰਘ ਵਿਰਕ**
**99963-71716**

ਇਹ ਸਰਦਾਰ ਹਰਵਿੰਦਰ ਸਿੰਘ ਹੰਸਪਾਲ ਦੇ ਹਿੱਸੇ ਆਇਆ ਕਿ ਉਹਨਾਂ ਨੇ ਸਾਫ਼-ਸਫ਼ਾ ਨਾਮਧਾਰੀ ਬਾਣੇ ਅਤੇ ਗੁਰਮੁਖੀ ਦਸਤਾਰ ਦੀ ਵਿਸ਼ੇਸ਼ ਪਹਿਚਾਣ ਨੂੰ, ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਛੇ, ਸਾਢੇ ਛੇ ਦਹਾਕੇ ਰਹਿੰਦਿਆਂ ਸੰਸਦ ਭਵਨ ਤੋਂ ਲੈ ਕੇ, ਸੰਯੁਕਤ ਰਾਸ਼ਟਰ ਤੱਕ ਹੋਣ ਵਾਲੀਆਂ ਮੀਟਿੰਗਾਂ ਵਿੱਚ ਵੀ ਖਿੱਚ ਦਾ ਕੇਂਦਰ ਬਣਾਈ ਰੱਖਿਆ। ਇਕ ਆਸਥਾਵਾਨ ਨਾਮਧਾਰੀ ਗੁਰਸਿੱਖ ਦਾ ਜੀਵਨ ਬਤੀਤ ਕਰਦਿਆਂ ਉਹ ਪਹਿਲਾਂ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮੁੜ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਿਅੰਤ ਬਖ਼ਸ਼ਿਸ਼ਾਂ ਦੇ ਪਾਤਰ ਬਣਦੇ ਰਹੇ। ਉਹਨਾਂ ਨੇ ਨਾਮਧਾਰੀ ਵਿਦਿਅਕ ਜੱਥੇ ਤੋਂ ਲੈ ਕੇ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਨਿਭਾਹੀ ਅਤੇ ਇਸ ਦਰਬਾਰ ਦੇ ਬੁਲਾਰੇ ਸਤਿਜੁਗ ਪੱਤਰ ਦੀ ਐਡੀਟਰੀ ਦਾ ਮਾਨ ਵੀ ਹਾਸਲ ਕੀਤਾ। ਰਾਜਨੀਤਿਕ ਖੇਤਰ ਵਿੱਚ ਸਤਿਗੁਰੂ ਜੀ ਦੀ ਕਿਰਪਾ ਨਾਲ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਸਤਿਗੁਰੂ ਜੀ ਦੀ ਸੇਵਾ ਵਿੱਚ ਦੇਸ਼ - ਵਿਦੇਸ਼ ਦੀ ਯਾਤਰਾ ਕਰਦਿਆਂ ਪੰਥਕ ਅਤੇ ਹੋਰ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਅੱਜ 24 ਮਈ 1938 ਤੋਂ ਲੈ ਕੇ 20 ਦਿਸੰਬਰ 2024 ਤੱਕ ਫੈਲੇ ਇਸ ਜੀਵਨ ਪੰਧ ਦਾ ਅੰਤਮ ਪੜਾਅ ਆ ਗਿਆ ਤਾਂ ਇਓਂ ਲੱਗਦਾ ਹੈ ਕਿ ਸਾਡੇ ਸਮਾਜਿਕ, ਭਾਈਚਾਰਕ ਜੀਵਨ ਵਿੱਚ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਹੈ। ਇਹ ਵੀ ਇੱਕ ਇਤਫਾਕ ਹੀ ਸੀ ਕਿ ਇਸ ਵਾਰ ਅੱਸੂ ਦੇ ਮੇਲੇ, ਸ੍ਰੀ ਭੈਣੀ ਸਾਹਿਬ ਵਿਖੇ ਆਪ ਦੀਆਂ ਲੰਬੀਆਂ ਸੇਵਾਵਾਂ ਬਦਲੇ, ਜਦੋਂ ਸਤਿਗੁਰੂ ਜੀ ਦੇ ਕਰ ਕਮਲਾਂ ਤੋਂ ਆਪ ਨੂੰ ਸੇਵਾ ਸਨਮਾਨ ਨਾਲ, ਮੇਲਾ ਆਯੋਜਕਾਂ ਵਲੋਂ ਨਿਵਾਜ਼ਿਆ ਜਾ ਰਿਹਾ ਸੀ ਤਾਂ ਕੌਣ ਜਾਣਦਾ ਸੀ ਕਿ ਅਗਲੇ ਹੋਲਿਆਂ ਮੇਲਿਆਂ ਵਿੱਚ ਇਸ ਰੂਹਾਨੀ ਸ਼ਖ਼ਸੀਅਤ ਦੇ ਦਰਸ਼ਨ ਇਕ ਸੁਪਨਾ ਹੋ ਜਾਣਗੇ। ਨਵੰਬਰ ਵਿੱਚ ਸਤਿਗੁਰੂ ਜਗਜੀਤ ਜੀ ਦੇ ਪ੍ਰਕਾਸ਼ ਪੂਰਬ ਸਮੇਂ ਹੋਏ ਤਿੰਨ ਰੋਜ਼ਾ ਸੰਗੀਤ ਸੰਮੇਲਨ ਵਿੱਚ ਹੰਸਪਾਲ ਜੀ ਦੀ ਹਾਜ਼ਰੀ, ਇਸ ਪਾਵਨ ਭੂਮੀ ਦੀ ਉਹਨਾਂ ਵਲੋਂ ਆਖਰੀ ਬੰਦਨਾ ਹੀ ਸੀ।

ਕੋਈ ਵੀ ਸਖਸ਼ੀਅਤ ਇੱਕ ਦਿਨ ਜਾਂ ਫਿਰ ਇੱਕ ਉਮਰ ਵਿੱਚ ਨਹੀਂ ਘੜੀ ਜਾਂਦੀ ਇਸ ਦੇ ਪਿੱਛੇ ਕਈ ਜਨਮਾਂ ਅਤੇ ਕਈ ਪੀੜ੍ਹੀਆਂ ਦੀ ਸਾਧਨਾ ਛਿਪੀ ਹੁੰਦੀ ਹੈ। ਨਾਮਧਾਰੀ ਜਗਤ ਵਿੱਚ ਸਤਿਗੁਰੂ ਜੀ ਤੋਂ ਬਾਅਦ ਸਿਰਮੌਰ ਸਥਾਨ ਹਾਸਲ ਕਰਨ ਵਾਲੇ ਹੰਸਪਾਲ ਜੀ ਦਾ ਜਨਮ ਇੱਕ ਟਕਸਾਲੀ ਪਰਿਵਾਰ ਵਿੱਚ ਹੋਇਆ ਸੀ। ਉਹਨਾਂ ਦੇ ਪੜਦਾਦਾ ਸ. ਠਾਕੁਰ ਸਿੰਘ ਸਨ ਜਿੰਨਾਂ ਨੂੰ ਠੇਕੇਦਾਰੀ ਕਰਨ ਕਰਕੇ ਠਾਕੁਰਾ ਸਿੰਘ ਕਿਹਾ ਜਾਂਦਾ ਸੀ। ਉਹ ਉਸਾਰੀ ਦੇ ਕਾਰਜਾਂ ਦੇ ਬਹੁਤ ਮਾਹਰ ਸਨ ਅਤੇ ਨਵੀਆਂ ਤਕਨੀਕਾਂ ਨੂੰ ਵੀ ਇਜ਼ਾਦ ਕਰਨ ਵਾਲੇ ਸਨ। ਸ੍ਰੀ ਭੈਣੀ ਸਾਹਿਬ ਗੁਰਧਾਮ ਵਿਖੇ ਸੰਗਤ ਦੇ ਸੁਖ ਲਈ, ਇਹਨਾਂ ਨੇ ਸੰਤ ਸੰਤੋਖ ਸਿੰਘ ਬਾਹੋਵਾਲ ਦੇ ਕਥਨ ਅਨੁਸਾਰ. 1895 ਈਸਵੀ ਵਿੱਚ ਇੱਕ ਖਰਾਸ ਲਗਾਇਆ ਸੀ। ਇਹ ਬਹੁਤ ਫੁਰਤੀ ਦਾ ਕੰਮ ਸੀ। ਜਿਹੜਾ ਦਿਨੇ ਪਿੰਡ ਅਤੇ ਪੁਲਿਸ ਦੀ ਨੋਕ ਟੋਕ ਕਰਕੇ ਰੁਕਦਾ ਸੀ, ਰਾਤ ਬਰੇਤੇ ਸਿਰੇ ਚਾੜਿਆ ਗਿਆ। 1897 ਵਿੱਚ ਆਪ ਜੀ ਨੇ ਪੁਰਾਤਨ ਲੰਗਰ ਵਿਖੇ ਧੂੰਆਂ ਰਹਿਤ ਚੁੱਲ੍ਹੇ ਬਣਾ ਕੇ ਹੋਰ ਵਰਨਣ ਯੋਗ ਸੇਵਾ ਕੀਤੀ ਸੀ। ਮਾਲੂਮ ਹੁੰਦਾ ਹੈ ਕਿ ਬਾਬਾ ਠਾਕੁਰ ਸਿੰਘ ਹੀ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ

ਅਤੇ ਨਾਮਧਾਰੀ ਸਿੱਖੀ ਦਾ ਭਾਗ ਬਣੇ ਸਨ। ਇਹਨਾਂ ਦਾ ਪਿੰਡ ਬਾਠਾਂ ਵਾਲਾ, ਰਾਵੀ ਨਦੀ ਤੋਂ ਢਾਈ ਤਿੰਨ ਮੀਲ 'ਤੇ ਪੱਛਮੀ ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਇਸਦੀ ਤਹਿਸੀਲ ਨਾਰੋਵਾਲ ਸੀ। ਹੁਣ ਇਸਨੂੰ ਜ਼ਿਲ੍ਹਾ ਬਣਾ ਦਿੱਤਾ ਗਿਆ ਹੈ। ਸਿਆਲਕੋਟ ਦਾ ਇਹ ਜ਼ਿਲ੍ਹਾ ਨਾਮਧਾਰੀਆਂ ਦਾ ਵੱਡਾ ਗੜ੍ਹ ਸੀ ਜਿਸ ਵਿੱਚ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਪਏ ਤੇ ਫਿਰ 1892 ਈ. ਤੋਂ ਗੁਰੂ ਹਰੀ ਸਿੰਘ ਜੀ, ਸਰਕਾਰ ਤੋਂ ਛੁੱਟੀ ਲੈ ਕੇ ਦੌਰੇ ਕਰਦੇ ਰਹੇ। ਆਪ ਜੀ ਦੇ ਕਿਸੇ ਦੌਰੇ ਦੇ ਸਮੇਂ ਬਾਠਾਂ ਵਾਲਿਆਂ ਤੇ ਕਿਰਪਾ ਹੋਈ ਜਿੰਨਾਂ ਵਿੱਚ ਸੰਤ ਠਾਕੁਰ ਸਿੰਘ ਜੀ ਵੀ ਸ਼ਾਮਲ ਸਨ। ਇਕ ਵੇਰ ਬਾਠਾਂ ਵਾਲਿਆਂ ਨੇ ਪਿੰਡ ਚਰਨ ਪਾਉਣ ਅਤੇ ਪ੍ਰਸ਼ਾਦਾ ਛੱਕਣ ਅਰਜ਼ ਕੀਤੀ ਪਰੰਤੂ ਗੁਰੂ ਹਰੀ ਸਿੰਘ ਜੀ ਦਾ ਜੁਆਬ ਸੀ ਕਿ ਸਾਨੂੰ ਸਿਆਲਕੋਟ ਜ਼ਿਲ੍ਹੇ ਦੀ ਮਨਜ਼ੂਰੀ ਨਹੀਂ ਮਿਲੀ। ਤੁਸੀਂ ਲੰਗਰ ਤਿਆਰ ਕਰਕੇ ਫੱਤੇਵਾਲ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਲੈ ਆਉ, ਉੱਥੇ ਛਕ ਲਵਾਂਗੇ। ਬਾਠਾਂ ਵਾਲ ਤੇ ਫੱਤੇਵਾਲ ਦੋਹਾਂ ਪਿੰਡਾਂ ਦੇ ਵਿਚਾਲੇ, ਰਾਵੀ ਦਰਿਆ ਪੈਂਦਾ ਸੀ। ਇਉਂ ਸਤਿਗੁਰੂ ਜੀ ਆਪਣੇ ਸਿੱਖਾਂ ਦੀ ਸ਼ਰਧਾ ਭਾਵਨਾ ਨੂੰ ਨਿਵਾਜ਼ਿਆ ਕਰਦੇ ਸਨ।

ਠੇਕੇਦਾਰ ਠਾਕੁਰ ਸਿੰਘ ਹੁਰਾਂ ਨੂੰ ਦੂਰ ਕਿਤੇ ਦੱਖਣ ਵਿੱਚ ਨਵੀਂ ਬਣਦੀ ਰੇਲ ਪਟੜੀ ਦੇ ਹੇਠਾਂ ਭਰਤੀ ਪਾਉਣ ਦਾ ਠੇਕਾ ਮਿਲ ਗਿਆ। ਉਹਨਾਂ ਨੇ ਗੁਰੂ ਹਰੀ ਸਿੰਘ ਜੀ ਪਾਸ ਅਰਜ ਕੀਤੀ ਕਿ ਓਧਰ ਸ਼ਾਇਦ ਮਰਿਆਦਾ ਦਾ ਜਲ ਪਾਣੀ ਵਰਤਨ ਵਿੱਚ ਵਿਘਨ ਆਵੇ। ਗੁਰੂ ਜੀ ਨੇ ਫ਼ਰਮਾਇਆ ਕਿ "ਜਾਉ ਵਿਹਾਰ ਨਹੀਂ ਛੱਡਣਾ ਗੁਰੂ ਰਾਖਾ।" ਦੇਵ ਨੇਤ ਜਿੱਥੇ ਕੰਮ ਮਿਲਿਆ, ਨੇੜੇ ਹੀ ਕੋਈ ਨਦੀ ਵਗਦੀ ਸੀ ਸਾਫ਼ ਜਲ ਵਾਲੀ। 60-70 ਬੰਦੇ ਆਪਣੇ ਪੰਜਾਬ ਵਿੱਚੋਂ ਹੀ ਲੈ ਕੇ ਗਏ ਸਨ। ਭਜਨ ਬੰਦਗੀ ਕਰਦਿਆਂ ਕਾਰ ਵਿਹਾਰ ਕੀਤਾ ਕਰਵਾਇਆ। ਇੱਕ ਦਿਨ ਬਹੁਤ ਮੀਂਹ-ਹਨੇਰੀ ਝੱਖੜ ਆ ਗਿਆ। ਰੁੱਖ ਉਲਟ- ਉਲਟ ਪੈਂਦੇ ਸਨ। ਮਨ ਘਬਰਾਇਆਂ ਕਿ ਮਤੇ ਕਿਸੇ ਸਿੱਖ ਦਾ ਨੁਕਸਾਨ ਹੋ ਜਾਵੇ ਤਾਂ ਪੰਜਾਬ ਕੀ ਮੂੰਹ ਲੈ ਕੇ ਜਾਵਾਂਗੇ। ਫਿਰ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਦਾ ਓਟ ਆਸਰਾ ਲੈ ਕੇ ਆਪ ਜੀ ਨੇ ਅਰਦਾਸ ਕੀਤੀ ਕਿ ਰੱਖਿਆ ਹੋਵੇ। ਸਿੱਖ ਦੀ ਸੁਣੀ ਗਈ। ਤੂਫਾਨ ਹਟ ਗਿਆ। ਕੰਮ ਚੰਗਾ ਚੱਲਿਆ ਤੇ ਬੱਚਤ ਵਾਹਵਾ ਹੋ ਗਈ। ਠਾਕੁਰ ਸਿੰਘ ਜੀ ਨੇ ਦਸਵੰਧ ਦਾ ਦੋ ਹਜ਼ਾਰ ਰੁਪਈਆ ਥੈਲੇ ਵਿੱਚ ਪਾ ਦਿੱਤਾ। ਚਾਂਦੀ ਦੇ ਰੁਪਏ ਹੁੰਦੇ ਸਨ। ਜਦੋਂ ਸ੍ਰੀ ਭੈਣੀ ਸਾਹਿਬ ਪੁੱਜੇ ਤਾਂ ਇਕ ਥੈਲੀ ਆਪਣੇ ਡੇਰੇ ਹੀ ਰੱਖ ਲਈ ਕਿ ਜਦੋਂ ਗੁਰੂ ਜੀ ਬਾਠਾਂ ਵਾਲੇ ਆਉਣਗੇ ਉਦੋਂ ਭੇਟਾ ਰੱਖਾਗੇ। ਤਿੰਨ ਥੈਲੀਆਂ ਦਾ 1500 ਰੁਪੈਆ ਗੁਰੂ ਜੀ ਦੇ ਚਰਨਾਂ ਵਿੱਚ ਰੱਖ ਦਿੱਤਾ। ਗੁਰੂ ਹਰੀ ਸਿੰਘ ਜੀ ਨੇ ਵੇਖਦਿਆਂ ਹੀ ਹੁਕਮ ਕੀਤਾ ਕਿ ਭਾਈ ਲੰਗਰ ਦੀ ਮਾਇਆ ਵਿੱਚੋਂ ਬਕਾਇਆ ਨਹੀਂ ਰੱਖੀਦਾ। ਠਾਕੁਰ ਜੀ ਉਸੇ ਵੇਲੇ ਡੇਰੇ ਗਏ ਤੇ ਉਹ ਥੈਲੀ ਵੀ ਭੇਟ ਕਰ ਦਿੱਤੀ।

ਇੱਕ ਦੌਰੇ ਸਮੇਂ ਗੁਰੂ ਹਰੀ ਸਿੰਘ ਜੀ ਬਾਠਾਂ ਵਾਲੇ ਪਧਾਰੇ ਤਾਂ ਭਾਈ ਠਾਕੁਰ ਸਿੰਘ ਜੀ ਆਪਣੇ ਮਕਾਨ ਉੱਤੇ ਚੁਬਾਰਾ ਛੱਤ ਰਹੇ ਸਨ। ਗੁਰੂ ਜੀ ਨੇ ਫ਼ਰਮਾਇਆਂ ਕਿ ਹੁਣ ਰੂਸਾਂ ਨੇ ਤਾਂ ਆ ਜਾਣਾ ਹੈ, ਭਾਣਾ ਵਰਤਣਾ ਹੈ .. ਚੁਬਾਰੇ ਦੀ ਕੀ ਲੌੜ ਹੈ। ਸੱਤ ਬਚਨੀ ਸੰਤ ਠਾਕੁਰ ਸਿੰਘ ਨੇ ਹੁਕਮ ਮੰਨਦਿਆਂ ਆਪਣੇ ਔਜਾਰ ਜਿੱਥੇ ਪਏ ਸਨ ਉੱਥੇ ਹੀ ਰੱਖ ਦਿੱਤੇ। ਚੁਬਾਰੇ ਦੀ ਚੁਗਾਠ ਲਾਈ ਸੀ, ਬੂਹਾ ਅਣਲੱਗਿਆ ਹੀ ਰਿਹਾ। ਬਨੇਰਾ ਜਿੰਨਾਂ ਕੁ ਬਣਿਆ ਸੀ ਉਸ ਤੋਂ ਅੱਗੇ ਇੱਟ ਨਹੀਂ ਲਾਈ। ਇਸ ਚੁਬਾਰੇ ਦੀ ਇੱਕ ਸਾਖੀ ਹੰਸਪਾਲ ਜੀ ਸੁਣਾਇਆਂ ਕਰਦੇ ਸਨ ਕਿ 1946 ਵਿੱਚ ਉਹਨਾਂ ਦਾ ਪਰਿਵਾਰ ਜਦੋਂ ਇੱਕ ਵਾਰ ਬਿਜਨੌਰ ਤੋਂ ਬਾਠਾਂ ਵਾਲੇ ਆਇਆ ਤਾਂ ਇਹ ਚੁਬਾਰਾ ਉਹਨਾਂ ਦੇ ਹਿੱਸੇ ਆ ਗਿਆ। ਉਹਨਾਂ ਨੇ 45-46 ਸਾਲਾਂ ਤੋਂ ਗੁਰੂ ਹਰੀ ਸਿੰਘ ਜੀ ਦੇ ਬਚਨ ਅਨੁਸਾਰ ਅਧੂਰੇ ਖਲੋਤੇ ਚੁਬਾਰੇ ਨੂੰ ਬੂਹੇ ਬਾਰੀਆਂ ਲਾ ਕੇ, ਰਹਿਣ ਯੋਗ ਬਣਾ ਲਿਆ। ਪਰ ਤਾਇਆ ਗੁਰਦਿਆਲ ਸਿੰਘ ਜੀ ਨੇ ਪਿਤਾ ਜੀ ਨੂੰ ਵੀ ਆਪਣੇ ਪਾਸ ਬਿਜਨੌਰ ਦੀ ਇੱਕ ਸ਼ੂਗਰ ਮਿਲ ਵਿੱਚ ਜਿੱਥੇ ਉਹ ਚੀਫ਼ ਇੰਜ਼ੀਨਿਅਰ ਸਨ ਬੁਲਾ ਲਿਆ ਅਤੇ ਡਿਪਟੀ ਚੀਫ਼ ਬਣਾ ਦਿੱਤਾ। ਇਸ ਤਰ੍ਹਾਂ ਫਿਰ ਗੁਰੂ ਹਰੀ ਸਿੰਘ ਜੀ ਦਾ ਬਚਨ ਪੂਰਾ ਹੋ ਗਿਆ ਕਿ ਉਸ ਚੁਬਾਰੇ ਵਿੱਚ 1947 ਦੀ ਵੰਡ ਤੋਂ ਬਾਅਦ ਫਿਰ ਕਦੇ ਰਹਿਣ ਦਾ ਅਵਸਰ ਹੀ ਨਹੀਂ ਮਿਲਣਾ ਸੀ।

ਸ. ਹਰਵਿੰਦਰ ਸਿੰਘ ਹੰਸਪਾਲ ਸਿੰਘ ਦਾ ਜਨਮ ਪਿਤਾ ਸ. ਗਿਆਨ ਸਿੰਘ ਹੰਸਪਾਲ ਅਤੇ ਮਾਤਾ ਬੀਬੀ ਰਜਿੰਦਰ ਕੌਰ ਦੇ ਘਰ ਬਾਠਾਂ ਵਾਲਾ ਵਿਖੇ ਹੀ ਹੋਇਆ ਸੀ। ਉਹਨਾਂ ਦੇ ਪਿਤਾ ਦੇ ਬਿਸ਼ਨ ਸਿੰਘ ਅਤੇ ਗੁਰਦਿਆਲ ਸਿੰਘ ਦੋ ਵੱਡੇ ਭਾਈ ਅਤੇ ਦੋ ਭੈਣਾਂ ਸਨ। ਹੰਸਪਾਲ ਜੀ ਦੇ ਛੋਟੇ ਭਾਈ ਸ. ਜਗਮੋਹਨ ਸਿੰਘ ਹੰਸਪਾਲ ਇੰਗਲੈਂਡ ਤੋਂ ਪੜ੍ਹੇ ਸਨ ਅਤੇ ਭੈਣਾਂ ਬੀਬੀ ਸੁਰਿੰਦਰ ਕੌਰ ਕਲਸੀ ਦਿੱਲੀ ਅਤੇ ਬੀਬੀ

ਰਿਪੁਦਮਨ ਕੌਰ ਸ਼ਿਕਾਗੋ ਹਨ। ਉਹਨਾਂ ਦੇ ਪੜਦਾਦੇ ਠਾਕੁਰ ਸਿੰਘ ਦਾ ਇੱਕੋ ਪੁੱਤਰ ਦਾਦਾ ਵਸਾਵਾ ਸਿੰਘ ਸੀ। ਉਹਨਾਂ ਨੇ ਜਿਆਦਾਤਾਰ ਕਾਰ- ਵਿਹਾਰ ਵੀ ਨਹੀਂ ਕੀਤਾ ਅਤੇ ਉਹ ਭਰ ਜੁਆਨੀ ਵਿੱਚ ਹੀ 40-45 ਸਾਲ ਦੀ ਉਮਰ ਵਿੱਚ ਹੀ ਹੁਕਮ ਸੱਤ ਹੋ ਗਏ। ਹੰਸਪਾਲ ਜੀ ਦੇ ਮਾਤਾ ਜੀ ਜਥੇਦਾਰ ਇੰਦਰ ਸਿੰਘ ਜੀ ਦੀ ਪੁੱਤਰੀ ਸਨ, ਜੋ ਪਹਿਲਾਂ ਕਿਸੇ ਪਿੰਡ ਵਿੱਚ ਸਨ, ਫਿਰ ਗੁਜਰਾਂਵਾਲੇ ਆ ਰਹੇ ਸਨ। ਉਹਨਾਂ ਦਾ ਕਾਰ ਵਿਹਾਰ ਕਰਨ ਵਾਲਾ ਸਿੰਘਾਂ ਦਾ ਇੱਕ ਵੱਡਾ ਜਥਾ ਸੀ, ਜਿਸ ਕਰਕੇ ਉਹਨਾਂ ਨੂੰ ਜਥੇਦਾਰ ਕਹਿੰਦੇ ਸਨ ਪਰ ਉਹ ਕੱਟੜ ਨਾਮਧਾਰੀ ਸਿੱਖ ਸਨ। ਇਸ ਤਰ੍ਹਾਂ ਹੰਸਪਾਲ ਜੀ ਨਾਨਕਿਆਂ-ਦਾਦਕਿਆਂ ਵਲੋਂ ਪੱਕੇ ਨਾਮਧਾਰੀ ਪਰਿਵਾਰਾਂ ਨਾਲ ਜੁੜੇ ਸਨ।

ਹੰਸਪਾਲ ਜੀ ਦੀ ਮੁੱਢਲੀ ਵਿੱਦਿਆ-ਸਿੱਖਿਆ ਕੁਛ ਪਰਿਵਾਰਕ ਪਰਿਵੇਸ਼ ਵਿੱਚੋਂ ਗੁਰਬਾਣੀ ਅਤੇ ਗੁਰਮਤਿ ਸਾਹਿਤ ਪਠਨ-ਪਾਠਨ ਵਾਲੀ ਮਿਲੀ ਅਤੇ ਸਕੂਲੀ ਪੜ੍ਹਾਈ ਬਿਜਨੌਰ (ਸੰਯੁਕਤਪ੍ਰਾਂਤ) ਵਿੱਚ ਰਹਿੰਦਿਆਂ ਕੀਤੀ। ਬਿਜਨੌਰ ਦੀ ਸ਼ਿਵ ਪਰਸ਼ਾਦ ਬਨਾਰਸੀ ਦਾਸ ਸ਼ੂਗਰ ਮਿੱਲ ਵਿੱਚ ਆਪ ਜੀ ਦੇ ਤਾਇਆ ਜੀ ਅਤੇ ਪਿਤਾ ਜੀ ਕ੍ਰਮਵਾਰ ਚੀਫ਼ ਅਤੇ ਡਿਪਟੀ ਚੀਫ਼ ਇੰਜ਼ੀਨਿਅਰ ਸਨ। ਦੇਸ ਦੇ ਬਟਵਾਰੇ ਬਾਅਦ ਬਹੁਤ ਸਾਰੇ ਨਾਮਧਾਰੀ ਸਿੱਖ ਪਰਿਵਾਰਾਂ ਸਮੇਤ ਇੱਥੇ ਆਪ ਦੇ ਪਰਿਵਾਰ ਦੀ ਟੋਹ ਤੇ ਆ ਗਏ ਜਿਹਨਾਂ ਨੂੰ ਮਿੱਲ ਵਿਚ ਅਤੇ ਆਸੇ ਪਾਸੇ ਕੰਮਾਂ ਤੇ ਲੁਆਇਆ ਗਿਆ। ਇਉਂ ਇੱਥੇ ਨਾਮਧਾਰੀ ਸੰਗਤ ਦਾ ਵਾਹਵਾ ਇਕੱਠ ਹੋ ਗਿਆ ਜੋ ਐਤਵਾਰੀ ਸਤਿਸੰਗ ਕਰ ਲਿਆ ਕਰਦੇ ਸਨ। 1951 ਵਿੱਚ ਸ. ਗੁਰਦਿਆਲ ਸਿੰਘ ਹੰਸਪਾਲ ਨੂੰ ਬਰੇਲੀ ਦੀ ਇੱਕ ਸ਼ੂਗਰ ਮਿੱਲ ਵਾਲਿਆਂ ਸੱਦ ਲਿਆ। ਪਿੱਛੇ ਬਿਜਨੌਰ ਮਿੱਲ ਦੇ ਸ. ਗਿਆਨ ਸਿੰਘ ਹੰਸਪਾਲ ਚੀਫ਼ ਇੰਜੀਨਿਅਰ ਬਣ ਗਏ। ਇੱਥੇ ਬਿਜਨੌਰ, ਬਰੇਲੀ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦੌਰਾ ਕਰਦੇ ਹੋਏ ਹਰ ਸਾਲ ਦਰਸ਼ਨ ਦਿੰਦੇ ਸਨ। ਸਤਿਗੁਰੂ ਜੀ ਕਾਰ ਤੇ ਹੀ ਕਈ ਵੇਰ ਯੂ. ਪੀ. ਦੇ ਹੋਰ ਸ਼ਹਿਰਾਂ ਵਿੱਚੋਂ ਹੁੰਦੇ ਹੋਏ ਡਾਲਟਨ ਗੰਜ ਤੱਕ ਦੌਰਾ ਕਰਿਆ ਕਰਦੇ ਸਨ।

ਬਿਜਨੌਰ ਰਹਿੰਦਿਆਂ 1955 ਵਿੱਚ ਹੰਸਪਾਲ ਜੀ ਨੇ ਐਫ. ਐਸ. ਸੀ ਪਾਸ ਕਰ ਲਈ। ਹੁਣ ਇੱਥੇ ਤਾਂ ਕਾਲਜ ਕੋਈ ਨਹੀਂ ਸੀ। ਮੇਰਠ ਕਾਲਜ ਵਿੱਚੋਂ 1957 ਵਿੱਚ ਬੀ. ਐਸ. ਸੀ. ਪਾਸ ਕਰ ਲਈ। ਹੁਣ ਇਰਾਦਾ ਐਮ. ਐਸ ਸੀ. ਕਰਨ ਦਾ ਸੀ ਪਰ ਪਿਤਾ ਸੰਤ ਗਿਆਨ ਸਿੰਘ ਹੁਰਾਂ ਨੇ ਬਿਜਨਸ ਕਰਨ ਲਈ ਦਿੱਲੀ ਭੇਜ ਦਿੱਤਾ, ਜਿੱਥੇ ਆਪ ਜੀ 1957-58 ਵਿੱਚ ਆ ਗਏ। ਇਸੇ ਸਮੇਂ ਤਾਇਆ ਸੰਤ ਗੁਰਦਿਆਲ ਸਿੰਘ ਜੀ ਸੰਭੋਲੀ ਦੀ ਸ਼ੂਗਰ ਮਿੱਲ ਵਿੱਚ ਆ ਗਏ ਸਨ। ਇਸੇ ਸਮੇਂ ਇੱਕ ਵਾਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਿੱਲੀ ਦਰਸ਼ਨ ਦਿੱਤੇ। ਆਪ ਜੀ ਨੇ ਯੁਵਾ ਹੰਸਪਾਲ ਜੀ ਦੇ ਮੋਢੇ ਤੇ ਹੱਥ ਰੱਖ ਕੇ ਪੁੱਛਿਆ ਕਿ ਕੀ ਕਰਦੇ ਹੋ? ...ਤਾਂ ਆਪ ਜੀ ਨੇ ਜਵਾਬ ਦਿੱਤਾ ਕਿ ਬਿਜਨਸ ਕਰਦਾ ਹਾਂ ਤਾਂ ਸਤਿਗੁਰੂ ਜੀ ਇਸ ਜਵਾਬ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਖੁਸ਼ੀਆਂ ਬਖ਼ਸ਼ੀਆਂ।1959 ਈਸਵੀ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਜਦੋਂ ਬ੍ਰਹਮਲੀਨ ਹੋ ਗਏ ਤਾਂ ਦਿੱਲੀ ਦੀ ਹੋਰ ਸੰਗਤ ਦੇ ਨਾਲ ਸਸਕਾਰ ਵਿੱਚ ਸ਼ਾਮਿਲ ਹੋਣ ਲਈ ਹੰਸਪਾਲ ਜੀ ਵੀ ਸ੍ਰੀ ਭੈਣੀ ਸਾਹਿਬ ਪੁੱਜੇ। ਉਹ ਦੱਸਿਆ ਕਰਦੇ ਸਨ ਕਿ ਸਤਿਗੁਰੂ ਜੀ ਦੇ ਸਸਕਾਰ ਸਮੇਂ ਸਤਿਗੁਰੂ ਜਗਜੀਤ ਸਿੰਘ ਦੇ ਗੁਰ- ਗੱਦੀ ਨਸ਼ੀਨ ਹੋਣ ਲਈ ਆਪਣੀ ਰੁਮਾਲੀ ਵਿਛਾ ਕੇ ਮਹਾਰਾਜ ਬੀਰ ਸਿੰਘ ਜੀ ਨੇ ਸਤਿਕਾਰ ਭੇਂਟ ਕੀਤਾ ਸੀ। ਅੰਤਿਮ ਅਰਦਾਸ ਚੱਕਰਵਰਤੀ ਜੀ ਨੇ ਕੀਤੀ ਸੀ। ਸ੍ਰੀ ਮਹਾਰਾਜਾ ਜੰਗ ਸਿੰਘ ਅਤੇ ਸ੍ਰੀ ਮਹਾਰਾਜਾ ਨਿਹਾਲ ਸਿੰਘ ਹੁਰੀਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਤਮਸਤਕ ਹੁੰਦੇ ਹੋਏ ਹੰਸਪਾਲ ਜੀ ਨੇ ਦੇਖੇ ਸਨ। ਹੁਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਬਿਜਨੌਰ, ਬਰੇਲੀ ਦੇ ਦੋ ਕੁ ਦੌਰੇ ਕੀਤੇ ਸਨ।

ਹੰਸਪਾਲ ਜੀ ਦਾ ਅਨੰਦ ਕਾਰਜ 1961 ਵਿੱਚ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ, ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਖਾਲਸਾ ਟੈਂਟ ਹਾਊਸ ਦਿੱਲੀ ਦੇ ਸ. ਰਾਜਾ ਸਿੰਘ ਦੀ ਸਪੁੱਤਰੀ, ਬੀਬੀ ਚਰਨਜੀਤ ਕੌਰ ਨਾਲ ਹੋਇਆ। ਸੰਤਾਨ ਵਜੋਂ ਹੰਸਪਾਲ ਦੰਪਤੀ ਦੇ ਦੋ ਸਪੁੱਤਰ ਸਰਅੰਮ੍ਰਿਤ ਸਿੰਘ ਉਰਫ ਟਿੱਕਾ ਜੀ ਅਤੇ ਗੁਰਅੰਮ੍ਰਿਤ ਸਿੰਘ ਬੌਬੀ ਅਤੇ ਇਕ ਸਪੁੱਤਰੀ ਪੂਰਨਿਮਾ ਕੌਰ ਹੈ ਜੋ ਸੇਠ ਤਿਰਲੋਕ ਸਿੰਘ ਚਾਵਲਾ ਦੇ ਸਪੁੱਤਰ ਭੁਪਿੰਦਰ ਸਿੰਘ ਚਾਵਲਾ ਨਾਲ ਵਿਆਹੀ ਹੈ। ਅਗਲੇ ਸਾਲਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਵੀ ਦਿੱਲੀ ਦਰਸ਼ਨ ਦਿਆ ਕਰਦੇ ਸਨ। ਯੂ. ਪੀ. ਦੇ ਇੱਕ ਦੌਰੇ ਵਿੱਚ ਉਹ ਹਰਵਿੰਦਰ ਸਿੰਘ ਨੂੰ ਬਿਜਨੌਰ ਤੋਂ ਅਮਰੋਹੇ ਆਪਣੇ ਨਾਲ ਕਾਰ ਤੇ ਲੈ ਕੇ ਗਏ। ਪੁਰਾਣੇ ਨਾਮਧਾਰੀ ਖਾਨਦਾਨਾਂ ਦੇ ਅਜਿਹੇ ਹੋਣਹਾਰ ਬੱਚਿਆ ਨੂੰ ਆਪਣੇ ਸਨੇਹ ਪਾਸ਼ ਵਿੱਚ ਬੰਨ੍ਹ ਕੇ ਸਤਿਗੁਰੂ

ਜਗਜੀਤ ਸਿੰਘ ਜੀ ਉਹਨਾਂ ਨੂੰ ਵਡੇਰੀਆਂ ਪੰਥਕ ਜ਼ਿੰਮੇਵਾਰੀਆਂ ਨਿਭਾਹੁਣ ਦੇ ਸਮਰੱਥ ਬਣਿਆ ਵੇਖਣਾ ਚਾਹੁੰਦੇ ਸਨ। ਆਪ ਜੀ ਦੁਆਰਾ ਤਰਾਸ਼ਿਆ ਤੇ ਤਲਾਸ਼ਿਆ ਇਕ ਹੀਰਾ ਸਮਾਂ ਪਾ ਕੇ ਨਾਮਧਾਰੀ ਜੀਵਨ ਜਾਚ ਦੀ ਮਹਿਮਾ ਵਿਸ਼ਵ ਭਰ ਵਿੱਚ ਚਮਕਾਉਣ ਦਾ ਇੱਕ ਮਾਧਿਅਮ ਬਣਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇੱਕ ਸੁਪਨਾ ਸੀ ਕਿ ਇਕ ਸਦੀ ਬਸਤੀਵਾਦੀ ਅੰਗਰੇਜ ਹਾਕਮਾਂ ਨਾਲ ਜੂਝਣ ਲਈ ਵਿੱਢੀ ਜੰਗ ਵਿੱਚ ਸਰਗਰਮ ਰਹਿਣ ਸਦਕਾ, ਨਾਮਧਾਰੀ ਭਾਈਚਾਰਾ ਦੁਨਿਆਵੀ ਲੋਕਾਂ ਨਾਲੋਂ ਵਿੱਦਿਆ, ਕਾਰ ਵਿਹਾਰ ਅਤੇ ਹੋਰ ਕਈ ਖੇਤਰਾਂ ਵਿੱਚ ਪਿਛੜ ਗਿਆ ਸੀ। ਹੁਣ ਉਹ ਪਿਛੜੇਵੇ ਦੂਰ ਕਰਨ ਦਾ ਸਮਾਂ ਸੀ ਅਤੇ ਇਸ ਲਈ ਯੁਵਾ ਸ਼ਕਤੀ ਨੂੰ ਟੁੰਬਣ ਦੀ ਲੋੜ ਸੀ। ਆਪ ਜੀ ਦੇ ਇਸ ਸੁਪਨੇ ਵਿੱਚ ਰੰਗ ਭਰਨ ਦਾ ਕੰਮ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਪੰਨ ਕੀਤਾ। ਜਦੋਂ ਆਪ ਜੀ ਨੇ 1965 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਗਰਮੀਆਂ ਵਿੱਚ ਲਗਭਗ ਇੱਕ ਸਪਤਾਹ ਚੱਲਣ ਵਾਲੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ਪਹਿਲਾ ਸਾਲਾਨਾ ਸਮਾਗਮ ਕਰਵਾਇਆ, ਜਿਸ ਵਿੱਚ ਦੇਸ਼ ਭਰ ਵਿੱਚੋਂ ਮੈਟ੍ਰਿਕ ਜਾਂ ਇਸ ਤੋਂ ਵੱਧ ਪੜ੍ਹੇ ਲਿਖੇ 250 ਯੁਵਕ ਸ਼ਾਮਲ ਹੋਏ। ਦਿੱਲੀ ਦੇ ਯੁਵਕਾਂ ਦੇ ਮੁਖੀ ਵਜੋਂ ਹਰਵਿੰਦਰ ਸਿੰਘ ਹੰਸਪਾਲ ਇਸ ਸੰਮੇਲਨ ਵਿੱਚ ਤਨਦੇਹੀ ਨਾਲ ਸ਼ਾਮਲ ਹੋਏ। ਜਥੇ ਦੀ ਚੋਣ ਸਮੇਂ ਉਹਨਾਂ ਨੂੰ ਇਸ ਦਾ ਪਹਿਲਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਬਾਅਦ ਆਪਣੇ ਸਤਿਗੁਰੂ ਪ੍ਰਤੀ ਹਮੇਸ਼ਾ ਹਰ ਹਾਲਾਤ ਵਿੱਚ ਸਨਮੁਖ ਰਹਿਣ ਦੀ ਭਾਵਨਾ ਤਹਿਤ, ਹੰਸਪਾਲ ਜੀ ਦਾ ਅਗਲਾ ਜੀਵਨ ਸਫ਼ਰ, ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਖੇਤਰਾਂ ਵਿੱਚ ਨਿਤ ਨਵੀਆਂ ਬੁਲੰਦੀਆਂ ਛੁਹਣ ਵਾਲਾ ਸੀ।

ਹੰਸਪਾਲ ਜੀ ਨੇ ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਸਰਬ- ਪੱਖੀ ਵਿਕਾਸ ਵਾਸਤੇ, ਪੰਜਾਬੀ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨਾਲ ਨੇੜਲੇ ਸੰਬੰਧ ਸਥਾਪਿਤ ਕਰਕੇ ਆਪਣੇ ਦੇਸ਼ ਅਤੇ ਇੰਗਲੈਂਡ, ਥਾਈਲੈਂਡ ਅਤੇ ਅਮਰੀਕਾ ਆਦਿ ਦੇਸ਼ਾਂ ਵਿੱਚ ਅਨੇਕ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਸਰਪ੍ਰਸਤੀ ਕੀਤੀ। ਜਿਸ ਨਾਲ 12 ਕਰੋੜ ਲੋਕਾਂ ਵਿੱਚ ਬੋਲੀ ਜਾਣ ਵਾਲੀ ਇਸ ਭਾਸ਼ਾ ਨੂੰ ਉੱਚ ਵਿਦਿਅਕ ਅਦਾਰਿਆਂ ਵਿੱਚ ਪਾਕਿਸਤਾਨ, ਸਿੰਘਾਪੁਰ ,ਕੇਨੇਡਾ ਆਦਿ ਮੁਲਕਾਂ ਵਿੱਚ ਵੀ ਬਣਦੀ ਪੁੱਛ ਪ੍ਰਤੀਤ ਹੋਣ ਲੱਗੀ। ਉਹ ਪਿਛਲੇ 33 ਵਰ੍ਹਿਆਂ ਤੋਂ ਸਤਿਜੁਗ ਪਰਚੇ ਦੇ ਐਡੀਟਰ ਵਜੋਂ ਇਸ ਦੀ ਪ੍ਰਿੰਟ ਲਾਈਨ ਤੇ ਆਪਣਾ ਨਾਂ ਦਰਜ ਕਰਵਾ ਰਹੇ ਹਨ। ਲੇਖਕਾਂ ਨਾਲ ਨਿੱਜੀ ਨੇੜ ਦਾ ਲਾਹਾ ਲੈਂਦਿਆਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਬਾਰੇ ਸਮੇਂ ਸਮੇਂ ਛਪਣ ਵਾਲੇ ਸਤਿਜੁਗ ਦੇ ਵਿਸ਼ੇਸ਼ ਅੰਕਾਂ ਵਿੱਚ, ਬਹੁਤ ਮੁੱਲਵਾਨ ਸਮੱਗਰੀ ਜੁਟਾਉਣ ਵਿੱਚ ਇਹ ਸਫਲ ਹੁੰਦੇ ਰਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਥਮ ਪ੍ਰਕਾਸ਼ ਸ਼ਤਾਬਦੀ ਸਮੇਂ ਵੀ ਬਹੁਤ ਕੀਮਤੀ ਪੁਸਤਕਾਂ ਉਹਨਾਂ ਨੇ ਛਪਵਾਈਆਂ ਅਤੇ ਰਾਜਧਾਨੀ ਦਿੱਲੀ ਵਿੱਚ ਉੱਚ ਪੱਧਰੀ ਸਮੂਲੀਅਤ ਵਾਲੇ ਸੈਮੀਨਾਰ ਕਰਵਾਏ ਸਨ। ਜਿਸ ਕਾਰਜ ਲਈ ਉਹ ਲੱਕ ਬੰਨ੍ਹ ਲੈਂਦੇ ਉਹ ਸਿਰੇ ਚਾੜ ਕੇ ਹੀ ਸਾਹ ਲੈਂਦੇ। ਸਤਿਗੁਰੂ ਜੀ ਦੇ ਹੁਕਮਨਾਮੇ, ਨਾਮਧਾਰੀ ਨਿਤਨੇਮ ਤੋਂ ਇਲਾਵਾ ਸੰਤ ਸੰਤੋਖ ਸਿੰਘ ਬਾਹੋਵਾਲ, ਸੰਤ ਨਿਹਾਲ ਸਿੰਘ ਕਾਦਰਾਬਾਦੀ, ਸੰਤ ਤਰਨ ਸਿੰਘ ਵਹਿਮੀ, ਸੰਤ ਨਿਧਾਨ ਸਿੰਘ ਆਲਮ ਮਾਸਟਰ ਨਿਹਾਲ ਸਿੰਘ, ਸੰਤ ਮਿਹਰ ਸਿੰਘ ਕਾਨਪੁਰੀ, ਪ੍ਰਿੰ. ਬਿਅੰਤ ਕੋਰ, ਡਾ. ਅਮਰ ਭਾਰਤੀ, ਪ੍ਰੋ. ਤਾਰਾ ਸਿੰਘ ਅਨਜਾਣ ਆਦਿ ਅਨੇਕ ਪੁਰਾਣੇ ਨਵੇਂ ਲੇਖਕਾਂ ਦੀਆਂ ਰਚਨਾਵਾਂ ਆਪ ਦੇ ਕਾਰਜ ਕਾਲ ਵਿੱਚ ਛਪਵਾਈਆਂ ਗਈਆਂ। "ਨਾਮਧਾਰੀ ਸਿਖਜ਼" ਦਾ ਪਾਇਨੀਅਰਜ਼ ਆਫ਼ ਫਰੀਡਮ ਸਟਰਗਲ" ਹੰਸਪਾਲ ਜੀ ਦੁਆਰਾ ਲਿਖਤ ਜਾਣਕਾਰੀ ਭਰਪੂਰ ਪੁਸਤਕ ਹੈ। ਇਸ ਤੋਂ ਇਲਾਵਾ 'ਕੂਕਾ ਮੂਵਮੈਂਟ' ਨੂੰ ਆਜ਼ਾਦੀ ਸੰਗਰਾਮ ਮਨਵਾਉਣ ਦਾ ਭਾਗ ਮਨਾਉਣ ਲਈ ਉਹਨਾਂ ਭਾਰਤ ਸਰਕਾਰ ਨਾਲ ਲਗਾਤਾਰ ਸੰਪਰਕ ਸਾਧੀ ਰੱਖਿਆ।

ਹੰਸਪਾਲ ਜੀ ਦਾ ਇੱਕ ਹੋਰ ਵੱਡਾ ਸਾਹਿਤਕ ਕਾਰਜ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 105 ਉਪਦੇਸ਼ਾਂ ਤੇ ਆਧਾਰਿਤ ਇੱਕ 'ਪ੍ਰਵਚਨ' ਨਾਮ ਦਾ ਗ੍ਰੰਥ ਸੰਕਲਨ ਕਰਨਾ ਹੈ। ਪੰਜਾਬੀ ਦੇ ਅਧਿਆਤਮਿਕ ਵਾਰਤਕ ਸਾਹਿਤ ਵਿੱਚ ਇਹਨਾਂ ਪਰਵਚਨਾਂ ਦਾ ਇੱਕ ਵਿਸ਼ੇਸ਼ ਅਸਥਾਨ ਹੈ।

ਅੰਤ ਵਿੱਚ ਇੱਕ ਸਫਲ ਜੀਵਨ ਭੋਗ ਕੇ ਜਾਣ ਵਾਲੇ ਇਸ ਰਾਜ ਜੋਗੀ ਦੀ ਨਿੱਘੀ ਯਾਦ ਵਿੱਚ ਆਪਣਾ ਸਿਰ ਝੁਕਾਉਂਦੇ ਹਾਂ।

..................................................

# ਸ੍ਰੀ ਹੇਮਕੁੰਟ ਸਾਹਿਬ-ਖੋਜ ਅਤੇ ਗੁਰੂ ਧਾਮ ਦੀ ਉਸਾਰੀ



**ਦੇਵਿੰਦਰ ਸਿੰਘ ਗਿੱਲ**
**94177-69103**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਲੀਲਾ ਬਹੁਤ ਵਚਿੱਤਰ ਹੈ। ਉਹ ਪੰਜ-ਭੂਤਕ ਸਰੀਰ ਵਿੱਚ ਰਹਿ ਕੇ ਬਹੁਤ ਸਾਰੇ ਅਦੁੱਤੀ ਕਾਰਨਾਮੇ ਕਰ ਗਏ ਜੋ ਹੋਰ ਕੋਈ ਵਲੀ ਔਲੀਆ, ਪੀਰ- ਪੰਗੰਬਰ ਸੌ ਸਾਲ ਤੋਂ ਵੱਧ ਉਮਰ ਭੋਗ ਕੇ ਨਾ ਕਰ ਸਕਿਆ। ਗੁਰੂ ਸਾਹਿਬਾਨਾਂ ਵਿੱਚੋਂ ਦਸਮ ਪਾਤਸਾਹ ਜੀ ਹਨ ਜਿੰਨ੍ਹਾ ਦੇ ਪੂਰਬਲੇ ਜਨਮ ਦੀ ਖੋਜ ਵਿੱਚੋਂ ਬਹੁਤ ਗਿਆਨ ਹਾਸਲ ਹੁੰਦਾ ਹੈ। ਅਸਲ ਵਿੱਚ ਸਵੈ ਜੀਵਨੀ ਦੀ ਰਚਨਾ ਕਰਨਾ ਸਾਡੇ ਭਾਰਤੀ ਲੋਕਾਂ ਦਾ ਸ਼ੋਕ ਨਹੀਂ ਸੀ। ਗੁਰੂ ਸਾਹਿਬਾਂ ਨੇ ਅਦੁੱਤੀ ਧੁਰ ਕੀ ਬਾਣੀ ਨੂੰ ਕਲਮਬੱਧ ਤਾਂ ਕੀਤਾ ਪਰ ਸਵੈਜੀਵਨੀ ਰਚਣ ਦਾ ਉੱਦਮ ਨਾ ਕੀਤਾ। ਕੇਵਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਹਨ ਜਿੰਨ੍ਹਾਂ ਬਾਰੇ ਕੁਝ ਗਿਆਨ ਉਹਨਾਂ ਦੀ ਆਪਣੀ ਰਚਨਾ 'ਬਚਿੱਤਰ ਨਾਟਕ' ਵਿੱਚੋਂ ਹਾਸਲ ਹੁੰਦਾ ਹੈ। ਚਾਹੇ ਇਹ ਗਿਆਨ ਅਧੂਰਾ ਹੀ ਹੈ, ਮੁਕੰਮਲ ਨਹੀਂ ਪਰੰਤੂ ਫਿਰ ਵੀ ਉਸ ਤੋਂ ਠੋਸ ਤੇ ਨਿੱਗਰ ਵਾਕਫੀ ਹਾਸਲ ਹੁੰਦੀ ਹੈ। ਇਸ ਵਿੱਚ ਗੁਰੂ ਜੀ ਛੇਵੇਂ ਹਿੱਸੇ ਵਿੱਚ ਆਪਣੇ ਪੂਰਬਲੇ ਜਨਮ ਬਾਰੇ ਦੱਸਦੇ ਹਨ ਕਿ ਆਪ ਜੀ ਹੇਮਕੁੰਟ ਪਰਬਤ ਤੇ ਤਪੱਸਿਆ ਕਰਦੇ ਹੋਏ ਪ੍ਰਭੂ ਵਿੱਚ ਲੀਨ ਹੋ ਚੁੱਕੇ ਸਨ। ਤਾਂ ਅਕਾਲ ਪੁਰਖ ਨੇ ਉਹਨਾਂ ਨੂੰ ਮਾਤਲੋਕ ਵਿੱਚ ਜਾਲਮਾਂ ਦੇ ਜੁਲਮ ਨੂੰ ਖਤਮ ਕਰਨ ਲਈ ਜਾਣ ਲਈ ਕਿਹਾ। ਗੁਰੂ ਕੀ ਕਹਿੰਦੇ ਹਨ ਕਿ ਉਹ ਮਾਤਲੋਕ ਵਿੱਚ ਆਉਣਾ ਨਹੀਂ ਸੀ ਚਾਹੁੰਦੇ ਪਰ ਉਹਨਾਂ ਨੂੰ ਹੁਕਮ ਮੰਨਣਾ ਹੀ ਪਿਆ।

ਅਬ ਮੈ ਅਪਨੀ ਕਥਾ ਬਖਾਨੋ
ਤਪ ਸਾਧਤ ਇਹਿ ਬਿਧਿ ਮੁਹਿ ਆਨੋ।
ਹੇਮਕੁੰਟ ਪਰਬਤ ਹੈ ਜਹਾਂ
ਸਪਤ ਸ੍ਰਿੰਗ ਸੋਭਤ ਹੈ ਤਹਾਂ।
ਸਪਤ ਸ੍ਰਿੰਗ ਤਹ ਨਾਮ ਕਹਾਵਾਂ
ਪੰਡ ਰਾਜ ਜੋਗ ਕਮਾਵਾਂ।
ਤਹ ਹਮ ਅਧਿਕ ਤਪੱਸਿਆ ਸਾਧੀ
ਮਹਾਂਕਾਲ ਕਾ ਆਰਾਧੀ।
ਇਹ ਬਿਧ ਕਰਤਿ ਤਪਸਿਆ ਦੋ ਤੇ
ਏਕ ਰੂਪ ਹੋਇ ਗਯੋ।
ਤਾਤ ਮਾਤ ਮੁਰ ਅਲਖ ਆਰਾਧਾ
ਬਹੁ ਬਿਧਿ ਜੋਗ ਸਾਧਨਾ ਸਾਧਾ।
ਤਿਨ ਜੋ ਕਰੀ ਅਲਖ ਕੀ ਸੇਵਾ
ਤਾ ਤੇ ਭਏ ਪ੍ਰਸੰਨ ਗੁਰਦੇਵਾ।
ਤਿਨ ਪ੍ਰਭ ਜਬ ਆਯਸ ਮੁਹਿ ਦੀਆ
ਤਬ ਹਮ ਜਨਮ ਕਲੂ ਮਹਿ ਲੀਆ।
ਚਿਤ ਨ ਭਯੋ ਹਮਰੋ ਆਵਨ ਕਹਿ
ਚੁਭੀ ਰਹੀ ਸੁਰਤਿ ਪ੍ਰਭੂ ਚਰਨਨਿ ਮਹਿ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ
ਇਹ ਕਹਿਕੇ ਇਹ ਪਠਾਯੋ।

ਉਪਰੋਕਤ ਦਸਮ ਪਾਤਸ਼ਾਹ ਜੀ ਦੀ ਮੁਕਦਸ ਕਲਮ ਛੋਹ ਤੋਂ ਪਤਾ ਚੱਲਦਾ ਹੈ ਕਿ ਉਹਨਾਂ ਦਾ ਪੂਰਬਲੇ ਜਨਮਾਂ ਵਿੱਚ ਹੇਮਕੁੰਟ ਵਿਖੇ ਨਿਵਾਸ ਸੀ ਜਿੱਥੇ ਉਹਨਾਂ ਨੇ ਕਠਿਨ ਤਪੱਸਿਆ ਸਾਧੀ ਤੇ ਪ੍ਰਭੂ ਵਿੱਚ ਅਭੇਦ ਹੋ ਗਏ ਤੇ ਉਹ ਪਵਿੱਤਰ ਅਸਥਾਨ ਹੇਮਕੁੰਟ ਸਪਤ ਸ੍ਰਿੰਗ ਵਿੱਖੇ ਮੌਜੂਦ ਹੈ। ਗੁਰੂ ਜੀ ਇਸ ਅਸਥਾਨ ਬਾਰੇ ਹੋਰ ਵੇਰਵਾ ਦਿੰਦੇ ਹੋਏ ਫਰਮਾਉਂਦੇ ਹਨ ਕਿ ਉਸ ਜਗ੍ਹਾ ਪੰਡ ਰਾਜ ਨੇ ਵੀ ਰਾਜ ਪਾਟ ਨੂੰ ਤਿਆਗ ਕੇ ਨਿਵਾਸ ਕੀਤਾ ਤੇ ਫਿਰ ਤਪ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਤੇ ਉਹਨਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵੀ ਕਿਸੇ ਗੁਰ ਸਿੱਖ ਦਾ ਧਿਆਨ ਇਸ ਜਗ੍ਹਾ ਵੱਲ ਨਾ ਗਿਆ ਅਤੇ ਇਹ ਅਸਥਾਨ ਅਣਗੌਲਿਆ ਹੀ ਰਿਹਾ। ਗੁਰ ਬਿਲਾਸ ਪਾਤਸ਼ਾਹੀ ਦਸਵੀ

ਦੇ ਲੇਖਕ ਕਵੀ ਸੁੱਖਾ ਸਿੰਘ ਨੇ ਇਸ ਜਗ੍ਹਾ ਦਾ ਜ਼ਿਕਰ ਕੀਤਾ ਪਰੰਤੂ ਨਾਮਾਤਰ ਹੀ। ਉਸ ਤੋਂ ਬਾਅਦ ਮਹਾਂ ਕਵੀ ਭਾਈ ਸੰਤੋਖ ਸਿੰਘ ਦੀ ਵਾਰੀ ਆਉਂਦੀ ਹੈ ਜਿੰਨ੍ਹਾਂ ਨੇ ਜਗਤ ਪ੍ਰਸਿੱਧ ਸੂਰਜ ਪ੍ਰਕਾਸ਼ ਦੀ ਰਚਨਾ ਕੀਤੀ, ਉਸ ਵਿੱਚ ਇਸ ਅਸਥਾਨ ਬਾਰੇ ਜ਼ਿਕਰ ਇਸ ਤਰ੍ਹਾਂ ਹੈ-

ਹੇਮਕੁੰਟ ਪਰਬਤ ਬਿਸਤਾਰਾ।
ਝਰਨੇ ਝਰਹਿ ਅਨੇਕ ਪ੍ਰਕਾਰਾ
ਨਿਸ ਬਾਸੁਰ ਜਿਨ ਮਹਿ ਧੁਨਿ ਭਾਰੀ।
ਸੁੰਦਰ ਬਿਮਲ ਪ੍ਰਵਾਹਿਤ ਬਾਰੀ।
ਕਹੂੰ ਬੇਗ ਸੋ ਚਲਹਿ ਸਜੋਰ
ਕਹੂੰ ਭਰਮ ਕਾ ਪਰਹਿ ਬਿਲੋਰ
ਫਟਕ ਸਵੱਛ ਜਲ ਸੁੰਦਰ ਨਾਰੇ
ਬਹੈ ਮੀਨ ਗਨ ਅੰਦਰ
ਕਹੂੰ ਫੇਨ ਉੱਜਲ ਬਿਧਿ ਰੂਰੰ।
ਕਹਿ ਸੁਨਿ ਯਤਿ ਧੁੰਨ ਦੂਹਰ ਦੂਰੰ
ਅਨਿਕ ਭਾਤ ਕੇ ਚਿਤ੍ਰੰਤ ਗਿਰਵਰ,
ਪੀਤ ਰਕਤ ਅੰਜਨ ਕੇ ਸਮਸਰ
ਦੂਰਬਾ ਸਮ ਬਡੈਰੁਜ ਜਿਹਵਾ।
ਅਨਿਕ ਭਾਤ ਕੀ ਔਸਧਿ ਤਹਿਵਾ
ਫੂਲਨ ਬਾਰੀ ਚਹੁੰਦਿਸ ਮਾਂਹਿ
ਰੰਗ ਰੰਗ ਕੇ ਬਿਗਸਹਿ ਤਾਂਹਿ
ਮਹਾਂ ਸੁਗੰਧਿਤ ਭੌਰ ਗੁੰਜਾਰਤ
ਸੀਤਲ ਮੰਦ ਬਹਿਤ ਬਠ ਮਾਰੁਤ

(ਰਾਸ11, ਅੰਸੂ 49)

ਇਸ ਪ੍ਰਕਾਰ ਕਵੀ ਜੀ ਨੇ ਹੋਰ ਵੀ ਇਸ ਅਸਥਾਨ ਦੀ ਮਹਿਮਾ ਲਿਖੀ ਹੈ, ਪਰੰਤੂ ਇਹ ਸਿਰਫ ਕਵੀ ਜੀ ਦੀ ਕਲਪਨਾ ਹੀ ਹੈ।

ਕੋਈ ਇਤਿਹਾਸ ਜੁਗਤੀ ਨਹੀ । ਆਪ ਜੀ ਨੇ ਨਾ ਹੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਹੀ ਕੀਤੇ ਅਤੇ ਨਾ ਹੀ ਕੋਈ ਪਹੁੰਚ ਮਾਰਗ ਅਤੇ ਨਾ ਹੀ ਉਸ ਅਸਥਾਨ ਬਾਰੇ ਖੋਜ ਕੀਤੀ ਹੈ।

ਨਿਰਮਲੇ ਸੰਤਾਂ ਵਿੱਚੋਂ ਪਹਿਲੇ ਖੁਸ਼ਕਿਸਮਤ ਪੰਡਤ ਤਾਰਾ ਸਿੰਘ ਨਰੋਤਮ ਹੋਏ ਹਨ ਜਿੰਨ੍ਹਾਂ ਨੇ ਆਪ ਵੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ ਅਤੇ ਫਿਰ 'ਗੁਰ ਤੀਰਥ ਸੰਗ੍ਰਹਿ' ਨਾਮ ਦੀ ਪੁਸਤਕ ਵਿੱਚ ਇਸ ਅਸਥਾਨ ਬਾਰੇ ਇੱਕ ਖੋਜ ਭਰਪੂਰ ਨੋਟ ਦੇ ਕੇ ਉਸਦੀ ਇਤਿਹਾਸਿਕ ਪ੍ਰਮਾਣਿਕਤਾ ਬਾਰੇ ਦੱਸ ਪਾਈ। ਪੁਸਤਕ ' ਤਰਿਥ ਸੰਗ੍ਰਹਿ' ਉਹਨਾਂ ਨੇ 1884 ਵਿੱਚ ਪਹਿਲੀ ਵਾਰ ਛਪਵਾਈ ਸੀ। ਆਪ ਜੀ ਲਿਖਦੇ ਹਨ-

" ਭਾਰਤ ਮੇਂ ਹੇਮਕੁੰਟ ਸਤ ਸ੍ਰਿੰਗ ਕੇ ਸਮੀਪ ਲਿਖਾ ਹੈ, ਯਾਤੇ ਹੇਮ ਕੂਟ ਸੁਮੇਰ ਕਾ ਨਾਮ ਨਹੀ। ਗੁਰੂ ਜੀ ਨੇ ਲਿਖਾ ਹੈ ਹੇਮ ਕੂਟ ਪਰਬਤ ਜਹਾਂ ਹੈ ਤਹਾਂ ਤਿਸਤੇ ਸਮੀਪ ਸਤ ਸ੍ਰਿੰਗ ਸ਼ੋਭਾ ਪਾਵਤਾ ਹੇ। ਜਿਸ ਮੇਂ ਰਾਜ ਪਾਂਡੂ ਨੇ ਜੋਗ ਕਮਾਯਾ ਹੈ। ਉਸ ਕੇ ਸਮੀਪ ਹਮ ਨੇ ਤਪ ਕੀਆ ਹੈ। ਸੁਮੇਰ ਮੇਂ ਤਪ ਕਰਨਾ ਨਹੀਂ ਲਿਖਾ। ਇਸ ਕੀ ਸ਼ਪਸ਼ਟ ਕਥਾ ਐਸੇ ਹੈ- ਜਿਸ ਕੇ ਊਪਰ ਬੱਦਰੀ ਨਾਰਾਯਣ ਕਾ ਮੰਦਰ ਹੈ, ਊਸ ਪਰਬਤ ਕਾ ਨਾਮ ਮੰਧ ਮਾਦਨ ਹੈ। ਮੰਦ ਮਾਦਨ ਸੇ ਛੇ ਕੋਛ ਨੀਚੇ ਕੇ ਪਰਬਤ ਕਾ ਨਾਮ ਸ਼ਤ ਸ੍ਰਿੰਗ ਹੈ। ਉਸ ਮੇਂ ਪਾਡੂ ਨੇ ਜੋਗ ਕੀਆ। ਅਬ ਵਹਾਂ ਪੰਡਕੇਸ਼ਵਰ ਗ੍ਰਾਮ ਬਸਤਾ ਹੈ। ਬਦਰੀ ਨਾਰਾਯਣ ਕੀ ਯਾਤਰਾ ਸਭ ਊਹਾਂ ਕੋ ਹੋਕਰ ਜਾਤੀ ਹੈ। ਕਿਨਾਰੇ ਜਾਣੇ ਕੋ ਰਸਤਾ ਨਹੀ। ਸ਼ਤ ਸ੍ਰਿੰਗ ਸੇ ਆਠ ਕੋਸ ਊਪਰ ਗੁਰੂ ਜੀ ਨੇ ਤਪ ਕੀਆ। ਸੋ ਅਭੀ ਸਪਸ਼ਟ ਕਰਤੇ ਹੈਂ। ਪੰਡਕੇਸ਼ਵਰ ਸੇ ਏਕ ਮੀਲ ਨੀਚੇ ਸੜਕ ਸਮੀਪ ਅਲਕ ਨੰਦਾ ਕਾ ਪੁਲ ਹੈ। ਪੁਲ ਕੇ ਸਮੀਪ ਹੀ ਅਲਕ ਨੰਦਾ ਮੇਂ ਭੋਟੀ ਗੰਗਾ ਮਿਲਤੀ ਹੈ। ਪੁਲ ਪੇ ਲੱਖ ਭੱਟੀ ਕੇ ਸੱਜੇ ਹਾਥ ਜਾਤੇ ਹੀ ਤੀਨ ਕੋਸ ਪੇ ਏਕ ਗਾਓਂ ਹੈ ਵਹਾਂ ਔਰ ਪੁਲ ਹੈ, ਉਸ ਪੇ ਲੱਖ ਭੋਟੀ ਗੰਗਾ ਕੇ ਖੱਬੇ ਹਾਥ ਜਾਤੇ ਤੀਨ ਕੌਸ ਪੈ ਭੋਟੀ ਗੰਗਾ ਸਾਥ ਲੋਹ ਪਾਲ ਕੇ ਜਲ ਕਾ ਸੰਗਮ ਹੈ। ਈਹਾਂ ਸੇ ਚੜ੍ਹਾਈ ਲਗਤੀ ਹੈ। ਸੋ ਦੋ ਕੌਸ ਰਸਤਾ ਕਠਿਨ ਹੈ। ਪੰਡਕੇਸ਼ਵਰ ਕਾ ਪੁਜਾਰੀ ਲੋਹ ਪਾਲ ਮੇਂ ਲੇ ਜਾਤਾ ਹੈ। ਲੋਹ ਪਾਲ ਮੇਂ ਜਲ ਕਾ ਤਲਾਵ ਹੈ ਸੋ ਸਵਾ ਸੈ ਕਦਮ ਚੌੜਾ ਹੈ। ਆਗੇ ਕੋਸ ਪੱਕੇ ਕਾ ਲੰਬਾ ਹੈ।

(ਗੁਰ ਤੀਰਥ ਸੰਗ੍ਰਹਿ)

ਪੰਡਤ ਤਾਰਾ ਸਿੰਘ ਨਰੋਤਮ ਜੀ ਨੇ ਆਪ ਇਸ ਸਥਾਨ ਦੀ ਜਿਆਰਤ ਬੀਤੀ ਅਤੇ ਇੱਥੋਂ ਦਾ ਪੂਰਾ ਪਤਾ ਠੀਕ ਠੀਕ ਲਿਖਿਆ। ਉਪਰੋਕਤ ਖੋਜ ਅਨੁਸਾਰ ਹੇਮਕੁੰਟ ਪਵਿੱਤਰ ਧਾਮ ਪਰਬਤ ਗੰਧ ਮਾਦਨ ਤੇ ਸਥਿਤ ਬਦਰੀ ਨਾਥ ਹਿੰਦੂ ਧਾਮ ਤੋਂ ਤਿੰਨ ਕੌਸ ਥੱਲੇ ਸਥਿਤ ਹੈ ਜਿੱਥੇ ਕਿ ਪਾਡਵਾਂ ਦੇ ਪਿਤਾ ਪੰਡ ਰਾਜ ਨੇ ਘੋਰ ਤੱਪ ਕੀਤਾ ਸੀ। ਹੇਮਕੁੰਟ ਦੀ ਉਹ ਜਗ੍ਹਾ ਜਿੱਥੇ ਤਲਾਅ ਹੈ, ਲੋਹ ਪਾਲ ਕਹਾਉਂਦੀ ਹੈ ਅਤੇ ਉੱਥੋਂ ਹੀ ਹੇਮ ਨਦੀ ਨਿਕਲਕੇ ਭੋਟੀ ਗੰਗਾ ਵਿੱਚ ਸਮਾ ਜਾਂਦੀ ਹੈ। ਪੰਡਤ ਤਾਰਾ ਸਿੰਘ ਨਰੋਤਮ ਜੀ ਦੇ ਸਮੇਂ ਹੇਮਕੁੰਟ ਵਾਲੀ ਪਵਿੱਤਰ ਜਗ੍ਹਾ ਤੇ ਕੋਈ ਧਰਮ ਨਹੀਂ ਸੀ ਉਸਾਰਿਆ ਗਿਆ। ਉਹਨਾਂ ਦੇ ਅਨੁਸਾਰ ਜੇ ਕੋਈ ਅਭਿਲਾਸ਼ੀ ਲੋਹ

ਪਾਲ ਦੇ ਦਰਸ਼ਨ ਕਰਨਾ ਚਾਹੇ ਤਾਂ ਪੰਡਕੇਸ਼ਵਰ ਦਾ ਪੁਜਾਰੀ ਹੀ ਉੱਪਰ ਲੈ ਕੇ ਜਾਂਦਾ ਸੀ। ਇਸ ਤੋਂ ਇਹ ਸਾਫ ਜ਼ਾਹਰ ਹੈ ਕਿ ਪੰਡਤ ਜੀ ਨੂੰ ਉੱਪਰ ਲਿਜਾਣ ਲਈ ਉਹਨਾਂ ਨਾਲ ਪੁਜਾਰੀ ਗਿਆ ਹੋਣਾ।

ਪੰਡਤ ਤਾਰਾ ਸਿੰਘ ਨਰੋਤਮ ਤੋਂ ਬਾਅਦ ਪੰਥ ਰਤਨ ਗਿਆਨੀ ਗਿਆਨ ਸਿੰਘ ਸਿੱਖ ਜਗਤ ਵਿੱਚ ਇੱਕ ਲੇਖਕ ਦੇ ਨਾਤੇ ਉਭਰੇ ਪਰੰਤੂ ਉਹਨਾਂ ਨੇ ਵੀ ਆਪਣੀ ਖੋਜ ਜਾਂ ਜਾਤੀ ਤੌਰ ਤੇ ਕੁਝ ਨਹੀਂ ਲਿਖਿਆ। ਉਹਨਾਂ ਤੋਂ ਬਅਦ ਭਾਈ ਵੀਰ ਸਿੰਘ ਜੀ ਨੇ ਇੱਕ ਲੰਬੀ ਬਹਿਸ ਇਸ ਅਸਥਾਨ ਬਾਰੇ ਕੀਤੀ ਹੈ।

ਆਪ ਜੀ ਲਿਖਦੇ ਹਨ ਕਿ ਹੇਮਕੁੰਟ ਜਿਲ੍ਹਾ ਪਟਨਾ ਵਿੱਚ ਵੀ ਦਸੀਦਾ ਹੈ ਜਿਸ ਨੂੰ ਰਤਨਾ ਗਿਰੀ ਕਹਿੰਦੇ ਹਨ। ਪਾਲੀ ਪੁਸਤਕਾਂ ਵਿੱਚ ਇਸ ਪੰਡਾਓ ਪਰਬਤ ਨੂੰ ਰਤਨਾਗਿਰੀ ਆਖਿਆ ਜਾਂਦਾ ਹੈ। ਇਸੇ ਤਰ੍ਹਾ ਆਪ ਜੀ ਨੇ ਹੋਰ ਅਗੇਰੇ ਦੱਸਦੇ ਹੋਏ ਲਿਖਿਆ ਹੈ ਕਿ ਦੱਖਣ ਵਿੱਚ ਗੋਦਾਵਰੀ ਨਦੀ ਕਿਨਾਰੇ ਵਸੇ ਹੋਏ ਨਾਸਕ ਸ਼ਹਿਤ ਤੋਂ 22 ਕੇ ਮੀਲ ਦੂਰ ਸੱਤ ਚੋਟੀਆਂ ਦਾ ਪਹਾੜ ਹੈ ਅਤੇ ਉੱਥੇ ਵੀ ਪਾਡਵਾਂ ਦੇ ਜਾਣ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਕਈ ਅੰਦਾਜੇ ਲਗਾਉਂਦੇ ਹਨ ਕਿ ਪੰਡਤ ਤਾਰਾ ਸਿੰਘ ਨਰੋਤਮ ਦੀ ਖੋਜ ਨੂੰ ਸਹੀ ਮੰਨ ਕੇ ਭਾਈ ਵੀਰ ਸਿੰਘ ਜੀ ਲਖਦੇ ਹਨ-

"ਪਰੰਤੂ ਹੁਣ ਤੱਕ ਦੀ ਖੋਜ ਬਦਰੀ ਨਾਥ ਤੋਂ ਉੱਤੇ ਪੰਡਕੇਸ਼ਵਰ ਤੇ ਚੌਦਾਂ ਕੁ ਮੀਲ ਉੱਪਰ ਵਾਲੇ ਟਿਕਾਣੇ ਨੂੰ ਹੀ ਉਹ ਹੇਮਕੁੰਟ ਸਪਤ ਸ੍ਰਿੰਗ ਸਹੀ ਕਰਦੀ ਹੈ ਕਿ ਜਿੱਥੇ ਗੁਰੂ ਜੀ ਨੇ ਤਪ ਕੀਤਾ ਸੀ। ਕਿਉਂਕਿ ਪੰਡ ਰਾਜ ਦੇ ਯੋਗ ਕਰਨ ਦਾ ਪਤਾ ਗੁਰੂ ਜੀ ਨੇ ਹੇਮਕੁੰਟ ਦਾ ਆਪ ਦਿੱਤਾ ਹੈ। ਯਤਾ- ਪੰਡ ਰਾਜ ਜਹਿ ਯੋਗ ਕਮਾਵਾ' ਪੰਡਰਾਜ ਨੇ ਜੋਗ ਪੰਡਕੇਸ਼ਵਰ ਕਮਾਇਆ ਹੈ ਇਸ ਤੋਂ ਕੁਛ ਮੀਲ ਉੱਪਰ ਉਸ ਦੇ ਤਪ ਦਾ ਨਿਸਾਨ ਪਾਡੁ ਮਿਲਾ ਹੈ। ਮਹਾਂ ਭਾਰਤ ਆਦਿ ਪਰਬ ਅਧਯਾਯ 119 ਸਲੋਕ 47- 50 ਵਿੱਚ ਜਿੱਥੇ ਗੰਧ ਮਾਦਨ ਪਰਬਤ ਤੇ ਹੇਮਕੁੰਟ ਸਪਤ ਸ੍ਰਿੰਗ ਦਾ ਪਤਾ ਦਿੱਤਾ ਹੈ। ਸੋ ਟਿਕਾਣਾ ਇਹੋ ਹੈ ਤੇ 'ਪਾਂਡਵ ਸ਼ਿਲਾ ਤੇ ਪੰਡਕੇਸ਼ਵਰ ਪੰਡੁ ਦੇ ਨਾਮ ਦੇ ਟਿਕਾਣੇ ਵੀ ਇੱਥੇ ਹੀ ਹੁਣ ਤੱਕ ਹਨ।

(ਕਲਗੀਧਰ ਚਮਤਕਾਰ, ਪੰਨਾ-14)

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵੀ ਪੰਡਤ ਤਾਰਾ ਸਿੰਘ ਦੀ ਕੀਤੀ ਹੋਈ ਖੋਜ ਦੀ ਹਾਮੀ ਭਰੀ ਹੈ। ਇਸ ਪਵਿੱਤਰ ਅਸਥਾਨ ਤੇ ਗੁਰਦੁਆਰਾ ਕਿਵੇਂ ਸੁਭਾਇਮਾਨ ਹੋਇਆ। ਇਸ ਦਾ ਇਤਿਹਾਸ ਵੀ ਬਹੁਤ ਰੋਚਕਤਾ ਭਰਪੂਰ ਹੈ। ਹਰਿਦੁਆਰ ਵਾਲੇ ਬਾਬਾ ਕਰਤਾਰ ਸਿੰਘ ਬੇਦੀ ਜੀ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸਨ। ਆਪ ਜੀ ਦੀ ਪਤਨੀ ਗੁਰੂ ਘਰ ਦੀ ਸ਼ਰਧਾਲੂ ਸੀ ਅਤੇ ਰੋਜ਼ਾਨਾ ਘਰ ਵਿੱਚ 'ਬਚਿੱਤਰ ਨਾਟਕ' ਦਾ ਪਾਠ ਕਰਦੀ ਸੀ।ਅਤੇ ਜਦੋਂ ਹੇਮਕੁੰਟ ਸਾਹਿਬ ਦਾ ਪ੍ਰਸੰਗ ਆਉਂਦਾ ਤਾਂ ਆਪ ਜੀ ਉਸ ਅਸਥਾਨ ਦੀ ਜਿਆਰਤ ਹਾਸਿਲ ਕਰਨ ਲਈ ਬਿਹਬਲ ਹੋ ਉੱਠਦੇ। ਸੋ ਬਾਬਾ ਕਰਤਾਰ ਸਿੰਘ ਜੀ ਨੇ ਟੀਹਰੀ ਗੜਵਾਲ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਗ੍ਰੰਥੀ ਨੂੰ ਤਿਆਰ ਕਰਨ। ਸੰਤ ਸੋਹਨ ਸਿੰਘ ਜੀ ਵੀ ਉੱਦਮੀ ਸਿੱਖ ਸਨ ਅਤੇ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਨ। ਇਸ ਲਈ ਬਾਬਾ ਕਰਤਾਰ ਸਿੰਘ ਬੇਦੀ ਤੇ ਸੰਤ ਸੋਹਨ ਸਿੰਘ ਜੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਗਏ। ਉੱਥੋਂ ਦਾ ਕੁਦਰਤੀ ਸੁਹਪਣ ਤੇ ਖੇੜਾ ਦੇਖ ਕੇ ਅਤਿਅੰਤ ਪ੍ਰਸੰਨ ਹੋਏ। ਸੰਤ ਸੋਹਨ ਸਿੰਘ ਜੀ ਨੇ ਬਰਸਾਤ ਦੇ ਮੌਸਮ ਵਿੱਚ ਹਰ ਸਾਲ ਉੱਥੇ ਜਾਣਾ ਸ਼ੁਰੂ ਕਰ ਦਿੱਤਾ। ਸੰਤਾਂ ਦੇ ਦਿਲਾਂ ਵਿੱਚ ਚਿਰੋਕਣੀ ਅਭਿਲਾਸ਼ਾ ਸੀ।ਉਸ ਜਗ੍ਹਾ ਗੁਰਦੁਆਰਾ ਕਾਇਮ ਹੋਣਾ ਚਾਹੀਦਾ ਹੈ। ਪਰੰਤੂ ਮਾਇਆ ਕਿੱਥੋਂ ਆਵੇ? ਇਹ ਪ੍ਰਸ਼ਨ ਹਰ ਵਾਰ ਉਹਨਾਂ ਦੇ ਅੱਗੇ ਆ ਖਲਾਉਂਦਾ। 1935 ਦੇ ਅਖੀਰ ਵਿੱਚ ਸੰਤ ਜੀ ਅੰਮ੍ਰਿਤਸਰ ਵਿਖੇ ਭਾਈ ਵੀਰ ਸਿੰਘ ਜੀ ਕੋਲ ਆਏ ਅਤੇ ਆਪਣੀ ਔਕੜ ਦੱਸੀ। ਠੀਕ ਉਹਨਾਂ ਦਿਨਾਂ ਵਿੱਚ ਭਾਈ ਵੀਰ ਸਿੰਘ ਜੀ 'ਕਲਗੀਧਰ ਚਮਤਕਾਰ' ਨਾਮ ਦੀ ਰਚਨਾ ਸੰਪੂਰਨ ਕਰ ਰਹੇ ਸਨ। ਭਾਈ ਵੀਰ ਸਿੰਘ ਜੀ ਨੇ ਸੰਤਾਂ ਨੂੰ ਬੇਅੰਤ ਮਾਇਆ ਸੰਗਤ ਤੋਂ ਪ੍ਰਾਪਤ ਕਰ ਲੈਣ ਦਾ ਯਕੀਨ ਦੁਆਇਆ।

ਅਗਲੇ ਸਾਲ 1936 ਈ. ਦੇ ਅਗਸਤ ਮਹੀਨੇ ਸੰਤਾਂ ਨੂੰ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਸੰਗਤਾਂ ਵਲੋਂ 2000 ਰੁਪਇਆ ਮਿਲਿਆ। ਸੰਤ ਜੀ ਨੇ ਆਪਣੇ ਨਾਲ ਇੱਕ ਤੰਬੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਕੁਝ ਬਰਤਨ, ਸੁੰਦਰ ਵਿਛਾਈਆਂ ਅਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਹੇਮਕੁੰਟ ਵਾਲੇ ਸਥਾਨ ਤੇ ਗਏ ਤੇ ਉੱਥੇ ਅਕਤੂਬਰ 1936 ਤੱਕ ਰਹੇ। ਆਪ ਜੀ ਨੇ ਉੱਥੇ ਅਨੇਕਾਂ ਕਸ਼ਟ ਸਹਾਰੇ ਅਤੇ 10×10 ਫੁੱਟ ਦਾ ਗੁਰਦੁਆਰਾ ਉਸਾਰਿਆ ਤੇ ਅੱਗੇ 3 ਫੁੱਟ ਦਾ ਬਰਾਡਾਂ ਉਸਾਰਿਆ। ਮੁਕੰਮਲ ਹੋਣ ਤੇ ਕੜਾਹ ਪ੍ਰਸ਼ਾਦਿ ਕੀਤਾ ਤੇ ਖੁਸ਼ੀਆਂ ਮਨਾਈਆਂ।

1937 ਦੇ ਅਗਸਤ - ਸਤੰਬਰ ਦੇ ਮਹੀਨੇ ਆਪ ਜੀ ਨਾਲ ਗਿਆਨੀ ਗੁਰਦਿਆਲ ਸਿੰਘ, ਸਰਦਾਰ ਬਿਦਰਮਾ ਸਿੰਘ ਜੀ, ਸ. ਗੁਰਬਖਸ਼ ਸਿੰਘ, ਪੰਡਤ ਸੂਰਜ ਭਾਨ ਸ਼ਰਮਾ ਆਦਿਕ ਵੀ ਗਏ ਅਤੇ ਗੁਰੂ ਧਾਮ ਦੇ ਦਰਸ਼ਨ ਕੀਤੇ। ਸੰਤ

ਮੋਹਨ ਸਿੰਘ ਜੀ ਇਸ ਸੇਵਾ ਵਿੱਚ ਇਕੱਲਾ ਪਨ ਮਹਿਸੂਸ ਕਰਦੇ ਸਨ। ਸੋ ਉਹਨਾਂ ਦਿਨਾਂ ਵਿੱਚ ਸੰਤ ਜੀ ਨਾਲ ਹੱਥ ਵਟਾਉਣ ਲਈ ਗੁਰ ਕਿਰਪਾ ਨਾਲ ਬਾਬਾ ਮੋਦਨ ਸਿੰਘ ਜੀ ਵੀ ਆ ਗਏ। ਹਵਾਲਦਾਰ ਬਾਬਾ ਮੋਦਨ ਸਿੰਘ ਜੀ ਸਰਵੇ ਦੇ ਮਹਿਕਮੇ ਵਿੱਚ ਮੁਲਾਜ਼ਮ ਸਨ। ਪਿੱਛੋਂ ਆਪ ਜੀ ਨੂੰ ਗੁਰ ਸੇਵਾ ਦੀ ਅਜਿਹੀ ਚੇਟਕ ਲੱਗੀ ਕਿ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਬਾਬਾ ਮੋਦਨ ਸਿੰਘ ਜੀ ਦੀ ਪਿੰਡ ਕੰਗੜਵਾਲਾ ਜਿਲ੍ਹਾ ਲੁਧਿਆਣਾ ਵਿੱਚ ਜ਼ਮੀਨ ਸੀ। ਜੋ ਆਪ ਜੀ ਨੇ ਵੇਚ ਕੇ ਗੁਰੂ ਲੇਖੇ ਲਗਾ ਦਿੱਤੀ ਅਤੇ ਬੜੀ ਸੂਝ ਸਿਆਣਪ ਨਾਲ ਪੰਡਕੇਸ਼ਵਰ ਤੋਂ ਹੇਮਕੁੰਟ ਲਈ ਇੱਕ ਸੁਖੈਨ ਰਸਤਾ ਲੱਭਿਆ ਤਾਂ ਕਿ ਹਰ ਦਰਸ਼ਨ ਅਭਿਲਾਖੀ ਲਈ ਉੱਪਰ ਜਾਣਾ ਸੌਖਾ ਹੋ ਜਾਵੇ। ਛੇਤੀ ਹੀ ਆਪ ਜੀ ਨੇ ਗੋਬਿੰਦ ਘਾਟ ਗੁਰਦੁਆਰਾ ਬਣਾਉਣ ਲਈ ਸਕੀਮ ਤਿਆਰ ਕੀਤੀ ਤੇ ਨੀਂਹ ਪੱਥਰ ਰੱਖਿਆ ਤੇ ਦਰਿਆ ਉੱਪਰ ਪੁਲ ਬਣਾਉਣ ਲਈ ਸਰਕਾਰ ਤੇ ਜੋਰ ਦਿੱਤਾ। ਉਹਨਾਂ ਦਿਨਾਂ ਵਿੱਚ ਸੰਗਤ ਨੂੰ ਰਾਸ਼ਨ ਦੀ ਤੰਗੀ ਸੀ। ਬਾਬਾ ਸੋਹਨ ਸਿੰਘ ਸੰਗਤ ਲਈ ਭੁੱਜੇ ਹੋਏ ਛੋਲਿਆਂ ਅਤੇ ਗੁੜ ਦਾ ਪ੍ਰਬੰਧ ਕਰਦੇ।

ਪਿੱਪਲ ਕੋਟੀ ਦਾ ਅਸਥਾਨ ਗੋਬਿੰਦ ਘਾਟ ਤੋਂ 50 ਕਿਲੋਮੀਟਰ ਤੇ ਹੈ ਪਰ ਆਪ ਜੀ ਸੰਗਤ ਦੇ ਸਵਾਗਤ ਲਈ ਇੱਥੋਂ ਤੱਕ ਆਉਂਦੇ ਅਤੇ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਹੋਏ ਉੱਧਰ ਨੂੰ ਜਾਂਦੇ। ਇਸੇ ਸਮੇਂ ਤੱਕ ਸੰਤ ਮੋਹਨ ਸਿੰਘ ਜੀ ਕਾਫੀ ਬਿਰਧ ਹੋ ਚੁੱਕੇ ਸਨ। ਆਪ ਜੀ 13 ਫਰਵਰੀ 1939 ਨੂੰ ਸੇਵਾ ਕਰਦੇ ਹੋਏ ਗੁਰਪੁਰੀ ਜਾ ਬਿਰਾਜੇ।

ਬਾਬਾ ਮੋਦਨ ਸਿੰਘ ਜੀ ਬਿਹੰਗਮ ਬਿਰਤੀ ਦੇ ਮਾਲਕ ਸਨ ਅਤੇ ਤਿਆਗ ਦੀ ਮੂਰਤ ਸਨ। ਆਪ ਜੀ ਨੇ ਇੱਕ ਦਰਖਤ ਦੀ ਖੁੱਡ ਵਿੱਚ ਨਿਵਾਸ ਕੀਤਾ ਅਤੇ ਪ੍ਰਭੂ ਭਗਤੀ ਵਿੱਚ ਲਿਵਲੀਨ ਰਹਿੰਦੇ ਸਨ। ਉਹਨਾਂ ਨੇ ਸੰਗਤਾਂ ਨੂੰ ਪਰੇਰਨਾ ਦੇ ਕੇ ਗੁਰਦੁਆਰਾ ਗੋਬਿੰਦ ਘਾਟ ਬਣਾਇਆ ਹੈ ਤੇ ਫਿਰ ਉਹਨਾਂ ਨੇ ਸਮੁੱਚੇ ਪ੍ਰਬੰਧ ਲਈ 1960 ਈ. ਵਿੱਚ ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜ ਮੈਂਟ ਟਰਸਟ ਹੋਂਦ ਵਿੱਚ ਲਿਆਦਾ। ਇਹ ਗੁਰਦੁਆਰਾ ਸਾਹਿਬ ਟਰਸਟ ਦੇ ਅਧੀਨ ਹਰਮਨ- ਪਿਆਰਾ ਹੋ ਰਿਹਾ ਹੈ। ਹਰ ਸਾਲ ਅਨੇਕਾਂ ਗੁਰੂ ਘਰ ਦੇ ਸ਼ਰਧਾਲੂ ਉਸ ਪਵਿੱਤਰ ਗੁਰੂ- ਧਾਮ ਦੇ ਦਰਸ਼ਨਾ ਲਈ ਜਾਂਦੇ ਹਨ ਤੇ ਆਪਣਾ ਜਨਮ ਸਫਲਾ ਕਰਦੇ ਹਨ।

..................................................

## ਸਤਿਜੁਗ ਦਾ ਵਿਸ਼ੇਸ਼ ਯੁਵਕ ਅੰਕ

"ਓ ਨੌ-ਜਵਾਨ" ਦੇ ਕਵੀ ਸ. ਨਰਿੰਦਰ ਸਿੰਘ ਜੀ ਚੁਗਾਵਾਂ ਦੇ ਸ਼ਬਦ ਹਨ:

ਐ ਦੇਸ਼ ਦੇ ਨੌਜਵਾਨਾਂ ਓ,
ਤੇਰੀ ਤੱਕੀ ਖਿੜੀ ਜਵਾਨੀ ਏਂ।
ਤੇਰੇ ਗਲ ਵਿੱਚ ਚਿੱਟੀ ਮਾਲਾ ਏ,
ਤੇਰੀ ਚਿੱਟੀ ਵਰਦੀ ਦਾਨੀ ਏ।
ਤੂੰ ਆਪ ਤਸੀਹੇ ਕਟ ਕੇ ਵੀ,
ਹਰ ਆਈ ਮੁਸੀਬਤ ਜਰਦਾ ਹੈਂ।
ਪਰ ਕਿਸੇ ਅਨੋਖੇ ਜੀਵਨ ਲਈ,
ਪਰ-ਆਈ ਮੌਤੇ ਮਰਦਾ ਹੈਂ।
ਤੂੰ ਰਾਹ ਨੇਕੀ ਦਾ ਛੱਡੀਂ ਨਾ,
ਤੇ ਧਰਮ ਨੂੰ ਦਿਲੋਂ ਭੁਲਾਈਂ ਨਾ।
ਤੇਰੀ ਹਰ ਮੁਸ਼ਕਲ ਹੱਲ ਹੋ ਜਾਊ,
ਜਾਵੇਗੀ ਘਾਲ ਅਜਾਈਂ ਨਾ।

ਇਸ ਅੰਕ ਵਿਚ ਸੰਤੋਖ ਸਿੰਘ ਸਾਜਨ ਦੀਆਂ ਦੋ ਰੁਬਾਈਆਂ ਦਾ ਵਿਸ਼ਾ ਵੀ ਨੌਜੁਆਨ ਪੀੜ੍ਹੀ ਨਾਲ ਸੰਬੰਧਿਤ ਹੈ। ਇਕ ਰੁਬਾਈ ਦੇ ਸ਼ਬਦ ਹਨ:

ਜਦ ਤੇਰੇ ਸੀਨੇ ਵਿਚ ਚੁਭਨ, ਦੁਖੀਏ ਦੀਆਂ ਤਰਾਟਾਂ।
ਜਦ ਤੇਰੇ ਨੈਣਾਂ ਚੋਂ ਨਿਕਲਣ, ਨਾਲ ਜੋਸ਼ ਦੇ ਲਾਟਾਂ।
ਧਰਮ ਵਾਸਤੇ ਮੌਤ ਵਿਹਾਝੇਂ, ਨੌ-ਜੁਆਨ ਸੌਦਾਗਰ,
ਸਿਰ ਦੇ ਕੇ ਕਰ ਦਏਂ ਪੂਰੀਆਂ, ਸਭ ਵਤਨ ਦੀਆਂ ਘਾਟਾਂ।

ਨੌਜਵਾਨਾਂ ਦੇ ਦ੍ਰਿਸ਼ਟੀ-ਖੇਤਰ ਨੂੰ ਵਿਸ਼ਾਲ ਕਰਨ ਵਾਸਤੇ ਇਸ ਅੰਕ ਵਿਚ ਦੋ ਅਨੁਵਾਦਿਤ ਲੇਖ ਵੀ ਸ਼ਾਮਲ ਕੀਤੇ ਗਏ ਹਨ। ਪਹਿਲਾ ਹੈ "ਸੋਵੀਅਤ ਯੂਨੀਅਨ ਵਿਚ ਨੌ-ਜਵਾਨ ਕੀ ਪੜ੍ਹਦੇ ਹਨ?" (ਲੇਖਕ ਬੋਰਿਸ ਬੈਕੇ) ਅਤੇ ਦੂਜਾ ਸੀ ਡਾ. ਹਾਈਜ਼ ਯਾਰ ਦਾ ਲਿਖਿਆ,"ਯੁਵਕ ਲੇਖਕ ਤੇ ਉਨ੍ਹਾਂ ਦੇ ਪ੍ਰਕਾਸ਼ਕ। " ਦੋਵੇਂ ਲੇਖ ਨੌਜੁਆਨਾਂ ਨੂੰ ਲਿਖਣ ਪੜ੍ਹਨ ਵੱਲ ਰੁਚਿਤ ਕਰਨ ਦੀ ਪ੍ਰੇਰਨਾ ਦੇਣ ਵਾਲੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਭਵਿੱਖਮੁਖੀ ਸੋਚ ਦਾ ਹੀ ਫਲ ਹੈ ਕਿ ਅਜੋਕੇ ਖਪਤਕਾਰੀ ਯੁੱਗ ਵਿਚ ਨਾਮਧਾਰੀ ਨੌਜਵਾਨ ਆਪਣੇ ਰਵਾਇਤੀ ਪਹਿਰਾਵੇ ਅਤੇ ਪ੍ਰੰਪਰਾਗਤ ਅਸੂਲਾਂ ਦੇ ਧਾਰਨੀ ਹੋ ਕੇ ਜੀਵਨ ਦੇ ਹਰ ਖੇਤਰ ਵਿਚ ਮੱਲਾਂ ਮਾਰਦੇ ਦਿਖਾਈ ਦਿੰਦੇ ਹਨ।

..................................................

# उस्ताद ज़ाकिर हुसैन -

## एक फरिश्ता जिसने तबले की दशा और दिशा बदल दी



Rajesh Malviya
8196886412

15 दिसम्बर की सुबह हरि मंदिर में आसा दी वार की भोग की अरदास में जब सूबा बलविंदर सिंह जी ने उस्ताद ज़ाकिर हुसैन जी की तंदुरूस्ती के लिए अरदास की तो मेरे दिल को धक्का सा लगा और मन मे नकारात्मक विचार आने लगे क्योंकि मुझे 15 नवंबर को ही प्रसिद्ध तबला वादक पं योगेश समसी जी से चर्चा के दौरान द्वारा ज्ञात हुआ था कि उस्ताद जी की सेहत ठीक नहीं चल रही है। हम सभी उनके स्वास्थ को लेकर चिंतित तो थे लेकिन जब अरदास में उनका नाम आया तो ये चिंता और बढ़ गई। आसा दी वार के बाद जब मैं घर आया तो करीब आधे घंटे बाद हजूरी रागी बलवंत सिंह जी का फोन आया कि ज़ाकिर भाई ह्व में हैं और उनकी सेहत बहुत ख़राब है, ये सुनते ही जैसे पैरों तले जमीन खिसक गई और दिल की धड़कने



और बढ़ गई। मैंने तुरंत पंडित योगेश समसी जी (योगेश भैया) को फोन किया तो उन्होंने कहा कि किसी भी समय कुछ भी हो सकता है, उनकी सेहत के लिए सद्गुरु जी के चरणों में अरदास करो। बलवंत सिंह जी ने परम पूज्य सद्गुरु जी से फोन पर अर्ज़ की तो हुक्म हुआ कि ज़ाकिर भाई ने बहुत जल्दी भाणा वरता लिया। 16 दिसम्बर (अमरिका की 15 दिसम्बर) को योगेश भैया का मैसेज आता है कि "ज़ाकिर भाई इस दुनिया मे नही रहे" .....आज भी इस ख़बर की सच्चाई पर विश्वास नहीं होता..... । यह सच है कि जो आया है उसने जाना भी है.....लेकिन इतनी जल्दी....??

उनके निधन की ख़बर से सारा संगीत जगत शोक की लहर में समा गया। कोई भी इस ख़बर पर विश्वास नहीं कर पा रहा था......

पद्मविभूषण उस्ताद ज़ाकिर हुसैन जी के विषय मे कुछ भी कहना या लिखना सूरज को दिया दिखाने के जैसा है। वह एक विश्व प्रसिद्ध और महान कलाकार तो थे ही उसके साथ - साथ वे एक महान इंसान भी थे जिनका कोई सानी नहीं।

एक ज़माना था जब तबला वादकों को निम्न श्रेणी में रखा जाता था और और उनको इतना सम्मान भी नहीं मिलता था जितना शास्त्रीय संगीत के गायकों या तंत्र वाद्य के कलाकारों को मिलता था। तबले का शास्त्रीय संगीत में आज जो स्थान है उसका श्रेय बहुत से बुज़ुर्ग कलाकारों जैसे उस्ताद अहमद जान थिरकवा, उस्ताद अमीर हुसैन खान, उस्ताद हबीबुद्दीन खान, उस्ताद अल्लारक्खा खान, पंडित किशन महाराज, पंडित सामता प्रसाद, पंडित अनोखे लाल मिश्रा आदि को तो जाता ही है लेकिन तबले को विश्व पटल पर प्रसिद्ध, प्रचलित और एक विशेष पहचान दिलाने का श्रेय यदि किसी कलाकार को जाता है तो वो उस्ताद ज़ाकिर हुसैन हैं। विश्व के अलग-अलग देशों के महान संगीतज्ञों के साथ तबले के नाद का कैसे- कैसे प्रयोग हो सकता है ये उन्होंने बख़ूबी कर के दिखाया और तबले को वैश्विक संगीत में एक विशेष स्थान दिलवाया।



Ustad Zakir hussain esteems before Sri Satguru ji during 4th Satguru Jagjit Singh Sammelan 2015.

उस्ताद ज़ाकिर हुसैन बहुमुखी प्रतिभा के धनी थे। वे तबला के अलावा और भी कई साज़ बख़ूबी बजा लेते थे। उन्होंने एक म्यूजिक बैंड "शक्ति" बनाया जो विश्व भर मे बहुत प्रसिद्ध हुआ। उन्होंने फ़िल्मों में संगीत निर्देशन भी दिया, गाया भी और कई फ़िल्मों में अभिनेता के रूप मे भी नज़र आए।

तबला सोलो वादन में उनका योगदान अद्वितीय है। वे हर घराने का तबला बजाने मे निपुण थे और सच तो यह है कि उन्होंने तबला वादन को घराने की संकीर्णता से मुक्त किया। एक ज़माना था जब एक घराने का तबला वादक या गुरु अपने शिष्यों को दूसरे घराने के वादकों का तबला सीखना तो दूर सुनने भी नहीं देते थे। "मेरा घराना दूसरों से श्रेष्ठ है" तबला वादकों के इस अहंकार को ज़ाकिर जी ने बहुत विनम्रता, प्रेम और सद्भावना के साथ तोड़ा और तबले को घराने की संकीर्णता से मुक्ति दिलाई। उन्होंने बहुत प्रेम और आदर के साथ हर घराने की खूबियों को अपनाया और अपने वादन के द्वारा उनका प्रचार भी किया। आज कोई स्वीकार करे या न करे पर हर घराने का तबला वादक उनका अनुकरण करता है और उनके जैसा बनना चाहता है।

उस्ताद ज़ाकिर हुसैन जी कहा करते थे कि "तबला मुख्य रूप से संगत का वाद्य है , एक श्रेष्ठ तबला वादक वही है जिसमें अलग-अलग कलाकारों के साथ संगत करने की कुशलता हो" । एक संगतकार के रूप मे उन्होने जो सफल प्रयोग किए वो अपने आप मे बेजोड़ हैं। उन्होंने साथ-संगत की एक नई शैली को जन्म दिया। वे जिस कलाकार के साथ भी तबला संगत करते थे उस कलाकार की प्रस्तुति में उनकी संगत से चार चाँद लग जाते थे । ज़ाकिर जी तबला संगत करते समय मुख्य कलाकार के साथ इतना एक रस हो जाते थे कि ऐसा प्रतीत होता था जैसे ज़ाकिर जी अपने साथी कलाकार का मन पढ़ लेते हैं। और यही कारण था कि हर कलाकार का ये सपना होता था कि ज़ाकिर जी उसके साथ संगत करें। लेकिन यह भी सत्य है कि उनके इस गुण के कारण कुछ कलाकार उनको एक संगतकार के रूप मे अपने साथ बैठाना कम पसंद करते थे क्योंकि ज़ाकिर जी संगतकार होते हुए भी श्रोताओं के आकर्षण का केंद्र बन जाते थे।

ज़ाकिर जी एक महान कलाकार होने के साथ-साथ अति विनम्र, सम्वेदनशील, अत्यंत जागरूक और आध्यात्मिक सोच रखने वाले इंसान थे। वे जिससे भी मिलते थे उसे अपने मधुर और विनम्र स्वभाव से अपना बना लेते थे। अपने से बड़ों का आदर सत्कार, बराबर वालों से मित्रता का व्यावहार और छोटों को प्रेम और वात्सल्य भाव से मिलना उनके स्वभाव का विशेष गुण था। इसलिए उनसे मिलने वाले हर व्यक्ति के पास उनसे जुड़ी एक कहानी है।

नामधारी सिख समाज के साथ ज़ाकिर जी का संबंध 1970 के दशक से रहा है जब उन्होंने श्री सद्गुरु जगजीत सिंह जी की हज़ूरी में सद्गुरु प्रताप सिंह संगीत सम्मेलनों में लखनउ, औरंगाबाद, मुंबई आदि शहरों में अपनी करिश्माई प्रस्तुति दे कर श्री सद्गुरु जगजीत सिंह जी की अपार खुशियां और आशीर्वाद प्राप्त किया। लेकिन अपने कार्यक्रमों की व्यस्तता के कारण वे चाहते हुए भी सन 2010 से पहले श्री भैणी साहिब नहीं आ सके। मुझे आज भी 15 फरवरी 2010 का वह दिन जस की तस याद है जब ज़ाकिर जी अपने प्रिय गुरुभाई पंडित योगेश समसी जी के साथ श्री सद्गुरु जगजीत सिंह जी के दर्शन के लिए विशेष तौर पर पहली बार श्री भैणी साहिब पधारे और दोनों ने तबला जुगलबंदी की हाज़िरी लगा के सद्गुरु जी की ढेर सारी खुशियां और आशीर्वाद प्राप्त किया।

**बाकी सफ़ा नं. 30 'ते**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਇਹ ਕੋਈ ਅਣਹੋਣੀ ਇੱਛਾ ਨਹੀਂ, ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਸੰਗਤ ਦਾ ਸਹਿਯੋਗ ਇਹ ਕਰਾਮਾਤ ਕਰ ਸਕਦਾ ਹੈ।

8 ਵੱਜ ਗਏ। ਸ੍ਰੀ ਸਤਿਗੁਰੂ ਜੀ ਦੇ ਆਸ਼ੀਰਵਾਦ ਦਾ ਸਮਾਂ ਸੀ। ਆਪ ਜੀ ਨੇ ਕਿਰਪਾ ਕੀਤੀ ਉਸਦਾ ਸੰਖੇਪ—ਜਿੱਥੇ ਆਪਾਂ ਬੈਠੇ ਹਾਂ ਇੱਥੇ 1934 ਵਿੱਚ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਹੋਈ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਏਕਤਾ ਦਾ ਮੰਚ ਸਥਾਪਤ ਕਰਨ ਲਈ ਸਰਵ ਪ੍ਰਥਮ ਯਤਨ। ਉਸ ਵੇਲੇ ਦੇ ਸਿੱਖ ਪੰਥ ਦੇ ਲੀਡਰਾਂ ਵਿੱਚੋਂ ਸ. ਚੰਨਣ ਸਿੰਘ ਉੜਾਰਾ ਜਿੰਨ੍ਹਾਂ ਇੱਕ ਕਸ਼ਮਕਸ਼ ਮੁਕਾਉਣ ਲਈ ਖੁਦ ਹੀ ਆਪਣੇ ਗਲ ਵਿੱਚ ਪ੍ਰਧਾਨਗੀ ਦਾ ਹਾਰ ਪਹਿਨ ਲਿਆ। ਹੋਰ ਕਿਸੇ ਤਰ੍ਹਾਂ ਗੱਲ ਮੁੱਕਦੀ ਹੀ ਨਹੀਂ ਸੀ। ਇਸ ਕਾਨਫਰੰਸ ਵਿੱਚ ਸਤਿਗੁਰੂ ਜੀ ਨੇ ਸਤਿਕਾਰ ਵਜੋਂ ਉਨ੍ਹਾਂ ਨੂੰ ਮਾਲਾ ਪਹਿਨਾਈ ਤਾਂ ਉਹਨਾਂ ਨੇ ਲਗਾਤਾਰ ਗਲੇ ਪਹਿਨੀ ਰੱਖੀ। ਕਈ ਸਿੱਖਾਂ ਉਹਨਾਂ ਨੂੰ ਟੋਕਿਆ ਕਿ ਤੂੰ ਮਾਲਾ ਪਾਈ ਫਿਰਦੈਂ, ਕੂਕਾ ਹੋ ਗਿਐਂ? ਸ. ਚੰਨਣ ਸਿੰਘ ਦਾ ਜਵਾਬ ਸੀ ਕਿ ਇਹ ਮਾਲਾ ਕੂਕਿਆਂ ਦੀ ਨਹੀਂ, ਸਤਿਗੁਰਾਂ ਦੀ ਹੈ। ਸਤਿਗੁਰਾਂ ਬਖਸ਼ੀ ਹੈ। ਇਹ ਬੰਦੇ ਮੇਲੂ ਭਾਵਨਾ ਦੇ ਸਨ ਜਦਕਿ ਐਸੇ ਵੀ ਇੱਥੇ ਆਏ ਜਿੰਨ੍ਹਾਂ ਕਿਹਾ ਕਿ ਇੱਥੇ ਅਸੀਂ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕਰਨੀ ਹੈ ਅਤੇ ਦੀਵਾਨ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਕਰੇਗਾ। ਸਤਿਗੁਰੂ ਤਾਂ ਸਭਨਾਂ ਦਾ ਮਾਲਕ ਹੁੰਦਾ ਹੈ। ਉਸ ਲਈ ਆਧਾਰ ਹੁੰਦਾ ਹੈ- ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰ। ਜਦੋਂ ਕਿਸੇ ਨੂੰ ਬਚਾਉਣਾ ਹੋਵੇ ਤਾਂ ਉਦੋਂ ਕੋਈ ਗੱਲ ਰਾਖਵੀਂ ਨਹੀਂ ਰਹਿੰਦੀ। ਸਤਿਗੁਰੂ ਜੀ ਦਾ ਮਨੋਰਥ ਸੀ ਸਿੱਖ ਪੰਥ ਦੀ ਏਕਤਾ ਅਤੇ ਕੁਛ ਸਮਾਂ ਇਸ ਭਾਵਨਾ ਦਾ ਪ੍ਰਚਾਰ ਪ੍ਰਸਾਰ ਰਿਹਾ।

ਬਾਬਾ ਸੋਹਣ ਸਿੰਘ ਭਕਨਾ ਨੇ ਇੱਕ ਵਾਰੀ ਕਿਹਾ ਸੀ ਕਿ ਜਦ ਤੱਕ ਸਤਿਗੁਰੂ ਰਾਮ ਸਿੰਘ ਜੀ ਵਾਲੀ ਭਾਵਨਾ ਲੋਕਾਂ ਵਿੱਚ ਨਹੀਂ ਆਉਂਦੀ ਤਦ ਤੱਕ ਸੁਖ ਨਹੀਂ ਹੋ ਸਕਦਾ। ਹੁਣ ਤਾਂ ਝਗੜੇ ਦੂਰ ਕਰਨ ਲਈ ਗੋਲੀ ਦੀ ਵਰਤੋਂ ਕੀਤੀ ਜਾ ਰਹੀ ਹੈ, ਇਸ ਨਾਲ ਤਾਂ ਮਿਰਤੂ ਦਾ ਤਾਂਡਵ ਹੀ ਹੋਵੇਗਾ ਸੁਖ ਸ਼ਾਤੀ ਵਾਲੀ ਗੱਲ ਨਹੀ। ਬੰਦੂਕ ਦੀ ਗੋਲੀ ਮਸਲੇ ਨਹੀਂ ਹੱਲ ਕਰ ਸਕਦੀ। ਇਹ ਸਿੱਟੇ ਵਰਤਮਾਨ ਦੀ ਵਿੱਦਿਆ ਦੇ ਹੀ ਹਨ।

ਅਸੀਂ ਆਪਣੇ ਬੱਚਿਆਂ ਦੇ ਵਿੱਚ ਅੱਛੀਆਂ ਭਾਵਨਾਵਾਂ, ਧਰਮ ਪਵਿੱਤਰਤਾ, ਅਤੇ ਚੰਗੀ ਜੀਵਨ ਸ਼ੈਲੀ ਦ੍ਰਿੜ ਕਰਵਾਉਣੀ ਹੈ। ਦੇਸ਼ ਭਗਤੀ ਅਤੇ ਮਾਨਵ ਏਕਤਾ ਤੱਕ ਪਹੁਚਾਉਣਾ ਸਾਡਾ ਨਿਸ਼ਾਨਾ ਹੈ। ਹਾਕੀ ਵਾਲੇ ਬੱਚੇ ਜਿੰਨੇ ਕੁ ਤਿਆਰ ਕੀਤੇ ਹਨ ਉਨ੍ਹਾ ਨੂੰ ਹੁਣ ਦੂਜੇ ਲੋਕ ਮੰਨਣ ਲੱਗੇ ਹਨ। ਅਸੀਂ ਹਾਕੀ ਸਿਖਾਉਂਦਿਆਂ ਗੁਰਮਤਿ ਵਿੱਚ ਵੀ ਤਾਕ ਕੀਤਾ। ਪੱਗ ਅਤੇ ਕਛਹਿਰਾ ਹਿੰਦੁਸਤਾਨੀ ਪਹਿਰਾਵਾ ਹਨ, ਜੇ ਅਸੀਂ ਇਹ ਪਹਿਨਾ ਕੇ ਹਾਕੀ ਖਿਡਾਉਂਦੇ ਹਾਂ ਤਾਂ ਇਹ ਵੀ ਭਾਰਤ ਮਾਤਾ ਦਾ ਹੀ ਪ੍ਰਚਾਰ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਨੀਆਂ (ਅਫਰੀਕਾ) ਵਿੱਚ ਜਾ ਕੇ ਲੋਕਾਂ ਨੂੰ ਮਾਸ ਸ਼ਰਾਬ ਤੋਂ ਹਟਾ ਕੇ ਸਿੱਖੀ ਸਥਾਪਤ ਕੀਤੀ। ਹੁਣ ਅਜਿਹੇ ਸਿੱਖ ਵਲਾਇਤ ਵਿੱਚ ਵੀ ਪਹੁੰਚ ਗਏ ਹਨ। ਇਹ ਸਕੂਲ ਸਥਾਪਤ ਕਰਕੇ ਅਸੀਂ ਇਹ ਕੋਸ਼ਿਸ਼ ਕਰਨੀ ਹੈ ਕਿ ਅੱਛੇ ਖਿਡਾਰੀ, ਵਧੀਆ ਵਿਦਿਆਰਥੀ ਅਤੇ ਉੱਤਮ ਦੁਨੀਆਦਾਰ ਬੱਚੇ ਹੋਣ ਪਰ ਨਾਲ ਹੀ ਇਹ ਗੁਰੂ ਕੀ ਮੱਤ ਵੀ ਲੈ ਕੇ ਚੱਲਣ। ਉਸ ਧਰਮ ਨੂੰ ਪ੍ਰਚਾਰਣ ਪ੍ਰਸਾਰਣ ਜਿਹੜਾ ਸਾਨੂੰ ਸਤਿਗੁਰਾਂ ਬਖਸ਼ਿਆ ਹੈ। ਸਤਿਗੁਰੂ ਜੀ ਕਿਰਪਾ ਕਰਨ ਸਾਡੇ ਇਸ ਸਕੂਲ ਦੇ ਬੱਚੇ ਸਿੱਖ- ਸਿੱਖਾਂ ਵਿੱਚ, ਹਿੰਦੂਆਂ-ਸਿੱਖਾਂ ਵਿੱਚ, ਹਿੰਦੂਆਂ- ਮੁਸਲਮਾਨਾਂ ਤੇ ਹੋਰਨਾਂ ਵਿੱਚ ਜੋ ਪਰਸਪਰ ਦਵੇਸ਼ ਦੀਆਂ

ਤਰੇੜਾਂ ਪਈਆਂ ਹਨ, ਉਹਨਾਂ ਨੂੰ ਮੇਟਣ ਅਤੇ ਪਿਆਰ- ਮੈਤਰੀ ਅਤੇ ਮਾਨਵੀ ਵਿਸ਼ਵਾਸ਼ ਨੂੰ ਬਹਾਲ ਕਰਨ।

ਆਪਣੇ ਕਥਨ ਦੇ ਅੰਤ ਉੱਤੇ ਕੁਝ ਖਾਸ ਵਿਅਕਤੀਆਂ ਦਾ ਨਾਮ ਲੈ ਕੇ ਸ਼ੰਤੁਸ਼ਟਤਾ ਪਰਗਟ ਕੀਤੀ ਕਿ ਇਸ ਮੌਕੇ ਉਹ ਵੀ ਉਪਸਥਿਤ ਹਨ। ਨਾਮ ਇਹ ਹਨ- ਸ. ਮੋਤਾ ਸਿੰਘ ਲੁਧਿਆਣਾ, ਗਿਆਨੀ ਚਾਵਲਾ ਜੀ, ਸ੍ਰੀ ਮੁਸਾਫਰ ਜੀ, ਸ. ਜੁਗਿੰਦਰ ਸਿੰਘ ਉਬਿਰਾਏ, ਕੈਪਟਨ ਬਲਬੀਰ ਸਿੰਘ, ਬੀਬੀ ਕੁਲਵੰਤ ਕੌਰ, ਪ੍ਰਿੰਸੀਪਲ ਗੁਰਦਿਆਲ ਸਿੰਘ, ਜਗਤ ਸਿੰਘ, ਸੇਠ ਹਰਮਿੰਦਰ ਸਿੰਘ ਚਾਵਲਾ , ਸੇਠ ਗੁਰਦਰਸ਼ਨ ਸਿੰਘ ਬੈਂਕੋਕ ਅਥੇ ਹਰਚਰਨ ਸਿੰਘ ਕੋਮਲ। ਪੂਰਬਾ ਜੀ ਦੁਆਰਾ ਉਦਘਾਟਨ ਦੀ ਅਰਦਾਸ ਤਾਂ ਪਹਿਲਾਂ ਹੀ ਹੋ ਚੁਕੀ ਸੀ। ਹੁਣ ਸਤਿਗੁਰੂ ਜੀ ਨਾਲ ਖਾਸ ਵਿਅਕਤੀ ਉੱਠੇ ਅਤੇ ਹਾਲ ਦੇ ਨਾਲ ਤੇ ਬਾਹਰਦਾਰ ਜੋ ਪੌੜੀਆਂ ਹਨ ਉੱਥੇ ਲੱਗੇ ਹਰੇ ਫੀਤੇ ਨੂੰ ਸ੍ਰੀ ਸਤਿਗੁਰੂ ਜੀ ਨੇ ਅਕੈਡਮੀ ਸਕੱਤਰ ਦੇ ਕੈਂਚੀ ਫੜਾਉਣ ਤੇ ਕੱਟਿਆ ਅਤੇ ਫਿਰ ਸਾਰੇ ਖਾਸ ਵਿਅਕਤੀਆਂ ਨੂੰ ਬੁਲਾ ਕੇ ਸੱਚੇ ਪਾਤਸ਼ਾਹ ਜੀ ਉਤਲੀ ਛੱਤ ਦੇ ਕਮਰਿਆਂ ਵਿਚ ਚਰਨ ਪਾਉਂਦੇ ਅੱਗੇ ਵਧਦੇ ਗਏ ਜੋ ਸ਼ਾਨਦਾਰ ਕਮਰੇ, ਨਕਸ਼ੇ ਅਤੇ ਬਲੈਕ ਬੋਰਡ ਆਦਿ ਸਕੂਲ ਦੀਆਂ ਵਸਤਾਂ ਨਾਲ ਫਬਾਏ ਗਏ ਸਨ।

ਸਤਿਗੁਰੂ ਜੀ ਸਾਰੇ ਕਮਰਿਆਂ ਵਿੱਚ ਚਰਨ ਪਾਉਣ ਉਪਰੰਤ ਕੋਠੀ ਜਾਣ ਵਾਸਤੇ ਆਪਣੀ ਕਾਰ ਕੋਲ ਆਏ ਤਾਂ ਬਹੁਤ ਸਾਰੀ ਸੰਗਤ ਦਰਸ਼ਨ ਪਾਉਣ ਦੀ ਖਾਤਰ ਇੰਤਜਾਰ ਵਿੱਚ ਖੜੀ ਹੋਈ ਸੀ। ਇਹਨਾਂ ਵਿੱਚ ਬਾਬੂ ਨਿਧਾਨ ਸਿੰਘ ਰਿਟਾਇਰਡ ਐਸ. ਡੀ. ਓ. ਖਲੋਤੇ ਹੋਏ ਸਨ। ਮੇਰੇ ਚਿਰ ਮਿੱਤਰ ਅਤੇ 79 ਸਾਲ ਆਯੂ ਦੇ ਅਰਥਾਤ ਮੇਰੇ ਤੋਂ 2 ਸਾਲ ਵੱਡੇ। ਮੈਂ ਅਜੇ ਇਹਨਾਂ ਦੀ ਸਹਿਤ ਤੇ ਆਯੂ ਬਾਰੇ ਗੱਲ ਕਰਦਾ ਹੀ ਪਿਆ ਸਾਂ ਕਿ ਕਿਸੇ ਕੋਲ ਖੜੇ ਵਿਅਕਤੀ ਨੇ ਦੱਸਿਆ ਕਿ ਬਾਬੂ ਜੀ ਕਰੜੀ ਦੁਖਦਾਈ ਹਾਲਤ ਵਿੱਚੋਂ ਸ਼ੇਰ ਬਣ ਨਿਕਲਦੇ ਹਨ। ਇਹਨਾਂ ਲਈ 10 ਅਪਰੈਲ ਦੀ ਤਾਰੀਖ ਏਨੀ ਭਿਆਨਕ ਸੀ ਕਿ ਸਵੇਰੇ 11 ਵਜੇ ਇਹਨਾਂ ਦੀ ਪਤਨੀ ਬੀਬੀ ਨਿਰੰਜਨ ਕੌਰ ਜੀ ਚਲਾਣਾ ਕਰ ਗਏ। ਉਹਨਾਂ ਦੇ ਗੁਜਰਨ ਪਿੱਛੋਂ ਜਰੂਰ ਕੋਈ ਮਨੋ ਤਰੰਗਾਂ ਕੰਮ ਕਰ ਰਹੀਆਂ ਹੋਣਗੀਆਂ ਕਿਉਂਕਿ ਬੀਬੀ ਜੀ ਦਾ ਦਾਹ ਸੰਸਕਾਰ ਕਰਕੇ ਆਉਂਦਿਆਂ ਨੂੰ ਇਹ ਖਬਰ ਮਿਲੀ ਕਿ ਬਾਬੂ ਜੀ ਦਾ ਵੱਡਿਉਂ ਛੋਟਾ ਲੜਕਾ ਸ. ਜੀਤ ਸਿੰਘ ਏਸੇ ਦਿਨ ਸਵੇਰੇ5 ਵਜੇ ਕਾਰ ਟਰੱਕ ਹਾਦਸੇ ਦਾ ਸ਼ਿਕਾਰ ਹੋ ਕੇ ਚਲਾਣਾ ਕਰ ਗਿਆ ਹੈ। ਉਹ ਗੁਜਰਾਤ ਵਿੱਚ ਆਪਣੀ ਫੈਕਟਰੀ ਚਲਾ ਰਿਹਾ ਸੀ। ਲੁਧਿਆਂਣੇ ਤੋਂ ਡੇਢ ਹਜਾਰ ਕਿਲੋਮੀਟਰ ਤੇ ਇਸ ਭਿਆਨਕ ਹਾਦਸੇ ਨੇ ਏਧਰ ਆਂਦਰਾਂ ਕੜਕਾ ਦਿੱਤੀਆਂ। ਸੋ ਬਾਬੂ ਜੀ ਇਹਨਾਂ ਦੋ ਮੱਤਾਂ ਮਾਰੂ ਹੋਣੀਆਂ ਵਿੱਚ ਵੀ ਈਸ਼ਵਰ ਦੀ ਰਜ਼ਾ ਵਿੱਚ ਰਾਜ਼ੀ ਸਨ ਅਤੇ ਬੜੇ ਜੇਰੇ ਨਾਲ ਗੁਰੂ ਚਰਨਾਂ ਵਿੱਚ ਸ਼ਾਇਦ ਭੋਗ ਪੈਣ ਦੇ ਸਮੇਂ ਘਰ, ਲੁਧਿਆਣੇ ਦਰਸ਼ਨਾਂ ਦੀ ਕਾਮਨਾ ਕਰਦੇ ਹੋਣ।

ਪਿੱਛੋਂ ਮੈਨੂੰ ਸੰਤ ਦਲੀਪ ਸਿੰਘ ਨਿਰੀਖਿਅਕ ਨੇ ਇੱਕ ਕਾਰਡ ਦਿੱਤਾ ਜਿਸ ਤੇ ਉਪਰੋਕਤ ਮਾਂ-ਪੁੱਤ ਦੇ ਭੋਗ ਨਮਿਤ 22.4.87 ਤਾਰੀਕ ਦਿੱਤੀ ਹੋਈ ਸੀ। ਦਲੀਪ ਸਿੰਘ ਜੀ ਵੀ ਕਾਫੀ ਦੁਖਿਤ ਸਨ ਕਿਉਂਕਿ ਬੀਬੀ ਨਿਰੰਜਨ ਕੋਰ ਇਹਨਾਂ ਦੇ ਸੱਸ ਸਨ ਅਤੇ ਬੇਟਾ ਨਿਕਟ ਸੰਬੰਧੀ।

ਪਿੰਡ ਟਮਕੌਦੀ ਦੇ ਜਥੇਦਾਰ ਨਿਰੰਜਨ ਸਿੰਘ ਕੰਗ ਅਤੇ ਇੱਕ ਬਜੁਰਗ ਕੈਪਟਨ ਸ. ਗੁਰਬਚਨ ਸਿੰਘ ਬੇਗੋਵਾਲਾ ਨੇੜੇ ਦੋਰਾਹਾ ਜ਼ਿਲ੍ਹਾ ਲੁਧਿਆਣਾ ਮਿਲੇ। ਇਸ ਸਰਦਾਰ ਜੀ ਨੇ ਸੱਚੇ ਪਾਤਸ਼ਾਹ ਜੀ ਨੂੰ ਸਵੈ- ਰਚਨਾ ਅੰਗਰੇਜੀ ਦੀ ਪੁਸਤਕ 'The Tiger Strikes' ਸ਼ਰਧਾ ਸਤਿਕਾਰ ਨਾਲ ਭੇਟ ਕੀਤੀ। ਪੁਸਤਕ ਆਈ. ਐਨ. ਏ. ਬਾਰੇ ਸੀ।

ਸਾਧ ਸੰਗਤ ਵਾਸਤੇ ਵੈਸਾਖ ਸੁਹਾਵਾ ਲਾਉਣ ਵਾਸਤੇ ਜਿੱਥੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਸੁਭਾਗ ਸੀ ਉੱਥੇ ਅੱਜ ਬੂੰਦੀ ਦੇ ਲੰਗਰ ਦੀ ਵੀ ਵਿਵਸਥਾ ਸੀ ਜਿਸਨੂੰ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਵਿਤਰਤ ਕੀਤਾ ਗਿਆ।

10 ਤੋਂ 2 ਵਜੇ ਤੱਕ ਦਿਨੇਂ ਦੀਵਾਨਾਂ ਦਾ ਆਯੋਜਨ ਸੀ ਜਿਸਨੂੰ ਸਨਖੱਤਰਾ ਜੀ ਦੁਆਰਾ ਸੂਚਿਤ ਕੀਤਾ ਗਿਆ। ਉਹਨਾਂ ਅਨੁਸਾਰ ਇਹ ਸਰੀਰ ਹੱਲੇ ਦੇ ਦੀਵਾਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ- ਜਥੇਦਾਰ ਦਲੀਪ ਸਿੰਘ ਮੁਹਾਵਾ ਬੈਂਜੋ ਵਾਲਾ, ਜਥੇਦਾਰ ਹਜਾਰਾ ਸਿੰਘ ਲਖਨਊ, ਸੰਤਾ ਸਿੰਘ ਮੋਰੋਂ, ਗਿਆਨ ਸਿੰਘ ਵੀਰੋਕੇ ਅਤੇ ਪੰਡਤ ਗੋਪਾਲ ਸਿੰਘ ਜੀ।

2 ਵਜੇ ਤਾਂ ਸਿਮ੍ਰਤੀ ਮੰਦਰ ਵਿੱਚ ਗੁਰੂ ਕੀ ਹਜੂਰੀ ਅਤੇ 1000ਤੋਂ ਵੱਧ ਸੰਗਤ ਦੀ ਹਾਜਰੀ ਵਿੱਚ ਨਾਮ ਸਿਮਰਨ ਜਾਰੀ ਹੋਇਆ ਜਿਸਦੀ ਸਮਾਪਤੀ ਦੀ ਅਰਦਾਸ ਸ੍ਰੀ ਆਦਿ ਗ੍ਰੰਥ ਸਾਹਿਬ ਦੇ 4 ਪਾਠਾਂ ਦੇ ਭੋਗ ਨਾਲ ਹੋਈ। ਪੂਰਬਾ ਜੀ ਦੁਆਰਾ ਕੀਤੀ ਗਈ ਅਰਦਾਸ ਵਿੱਚ ਇਹ ਭੋਗ ਇਹਨਾਂ ਪ੍ਰਾਣੀਆਂ ਨਮਿਤ ਸਨ-

ਪ੍ਰਥਮ ਪਾਠ ਸੂਬਾ ਵਰਿਆਮ ਸਿੰਘ ਕੱਕੜੀਆ ਨਮਿਤ ਸੀ ਜੋ ਪਿਛਲੇ ਕਈ ਸਾਲਾਂ ਤੋਂ ਗੁਰੂ ਘਰ ਦੀ ਸੇਵਾ ਕਰਦਾ ਆਉਂਦਾ ਹੋਇਆ 17.3.87 ਨੂੰ ਚਲਾਣਾ ਕਰ ਗਿਆ ਸੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**



ਛੋਟੀਆਂ ਦੀ ਸੰਗਤ ਤੋਂ ਬੜੀ ਮੁਸ਼ਕਿਲ ਨਾਲ ਸੱਤਵੀਂ ਰਾਤ ਸਤਿਗੁਰੂ ਜੀ ਨੇ ਖੁਸ਼ੇ ਲਏ ਕਿ ਹੁਣ ਅਸੀਂ ਸਰਗੋਧੇ ਜ਼ਿਲ੍ਹੇ ਦਾ ਦੌਰਾ ਕਰਨਾ ਹੈ। ਸਰਗੋਧੇ ਦਾ ਦੌਰਾ ਬਿਕ੍ਰਮੀ 1973 (1916 ਈ.)

ਛੋਟੀਆਂ ਪਿੰਡ ਤੋਂ ਸਤਿਗੁਰੂ ਜੀ ਇਸ਼ਨਾਨ ਪਾਣੀ ਕਰਕੇ ਤੜਕੇ ਦੋ ਵਜੇ ਤੁਰ ਪਏ। ਰਾਹ ਵਿਚ ਸਤਿਗੁਰੂ ਜੀ ਨੇ ਜੈ ਸਿੰਘ ਰਾਗੀ ਨੂੰ ਨਾਲ ਲੈ ਕੇ ਘੋੜਿਆਂ ਤੇ ਹੀ ਆਸਾ ਦੀ ਵਾਰ ਲਾ ਦੇਣੀ। ਇਸ ਤਰ੍ਹਾਂ ਅੱਧਾ ਪੈਂਡਾ ਮੁੱਕ ਜਾਂਦਾ ਸੀ। ਚਨਿਓਟ ਸ਼ਹਿਰ ਲੰਘੇ ਤਾਂ ਝਨਾਂ ਦਰਿਆ ਦੇ ਪਾਸ ਕੁਝ ਪਠਾਣ ਆ ਰਹੇ ਸਨ। ਉਹਨਾਂ ਕੋਲ ਇਕ 'ਬਿੱਲੂ' ਨਾਉਂ ਦਾ ਕੁੱਤਾ ਸੀ, ਜਿਸਦੇ ਕੰਨ ਅਤੇ ਪੂਛ ਵੀ ਵੱਢੇ ਹੋਏ ਸਨ। ਦਸ ਰੁਪੈ ਵਿਚ ਉਹਨਾਂ ਤੋਂ ਇਹ ਕੁੱਤਾ ਖਰੀਦਿਆ। ਇਸ ਕੁੱਤੇ ਵਿਚ ਇਤਨੀ ਤਾਕਤ ਸੀ ਕਿ ਇਹ ਕੁੱਤਾ ਚਿਤਰੇ ਨਾਲ ਵੀ ਲੜ ਪੈਂਦਾ ਸੀ। ਕਈਆਂ ਦੇ ਮਨ ਵਿਚ ਸ਼ੰਕਾ ਹੋ ਸਕਦੀ ਹੈ ਕਿ ਸਤਿਗੁਰੂ ਜੀ ਤਾਂ ਸ਼ਿਕਾਰ ਨਹੀਂ ਸਨ ਖੇਡਦੇ ਫੇਰ ਕੁੱਤੇ ਕਿਉਂ ਨਾਲ ਰੱਖਦੇ ਸਨ। ਇਹ ਕੁੱਤੇ ਪਿਛਲੇ ਜਨਮਾਂ ਦੇ ਸਿਖ ਸਨ ਕਿਸੇ ਅਵੱਗਿਆ ਕਾਰਨ ਸੰਗਤ ਤੋਂ ਵਿਛੜ ਕੇ ਕੁੱਤਾ ਜੂਨ ਧਾਰ ਲਈ ਸੀ। ਹੁਣ ਸਤਿਗੁਰੂ ਜੀ ਉਹਨਾਂ ਦੀਆਂ ਇਹ ਜੂਨਾਂ ਕੱਟਦੇ ਫਿਰਦੇ ਸਨ।

ਸਤਿਗੁਰੂ ਜੀ ਪੰਤਾਲੀ ਚੱਕ ਪੁੱਜ ਗਏ। ਪੰਤਾਲੀ ਚੱਕ ਤੋਂ ਸਰਗੋਧੇ ਤੱਕ ਸਾਰਿਆਂ ਨਗਰਾਂ ਦਾ ਖੂਬ ਦੌਰਾ ਕੀਤਾ। ਬਹੁਤ ਕੀਰਤਨ ਹੋਏ ਦੀਵਾਨ ਲੱਗੇ, ਦਸਾਂ ਪੰਦਰਾਂ ਦਿਨਾਂ ਵਿਚ। ਸਰਗੋਧੇ ਦੇ ਇਲਾਕੇ ਦੇ ਦੌਰੇ ਤੋਂ ਬਾਦ ਸਤਿਗੁਰੂ ਜੀ ਨੇ ਫਿਰ ਇਕ ਦੌਰਾ ਢੋਟੀਆਂ ਦਾ ਕੀਤਾ। ਇਥੋਂ ਗੁੰਨੇ, ਗਿੱਲੀ, ਮਹਿਮਦ ਵਾਲੀ, ਘਣੀਸ਼ਾਮ, ਖਾਨਗਾਹ ਡੋਗਰਾਂ, ਨਾਨਕ ਦੀਆਂ ਝੁੱਗੀਆਂ, ਵਰਨ, ਸਮਝਾ, ਝੱਬਰ ਆਦਿ ਨਗਰਾਂ ਨੂੰ ਤਾਰਦੇ ਹੋਏ ਜ਼ਿਲ੍ਹਾ ਲਾਹੌਰ ਦੇ ਕੂਕਿਆਂ ਦੇ ਪ੍ਰਸਿੱਧ ਪਿੰਡ ਮਾਂਗੇ ਪੁਜ ਗਏ। ਇੱਥੋਂ ਡੱਫਰਕੇ, ਭੰਬੇ, ਰਾਜਾ ਜੰਗ, ਸਹਾਰੀ ਆਦਿ ਪਿੰਡਾਂ ਦੀ ਸੰਗਤ ਨੂੰ ਦਰਸ਼ਨ ਦਾਤ ਬਖਸ਼ ਕੇ ਕਸੂਰ ਥਾਣੀ ਫੀਰੋਜ਼ਪੁਰ ਪੁੱਜ ਗਏ, ਦਰਿਆ ਲੰਘ ਕੇ। ਇੱਥੋਂ ਮਾਘੀ ਦੇ ਮੇਲੇ ਤੇ ਮੁਕਤਸਰ ਜਾਂ ਦਰਸ਼ਨ ਦਿਤੇ।

**ਸ਼ੇਰ ਸਿੰਘ ਦਾ ਪ੍ਰਸੰਗ**

ਹੁਣ ਸ੍ਰੀ ਸਤਿਗੁਰੂ ਜੀ ਨੇ ਸਮੇਤ ਸੰਗਤਾਂ ਮੁਕਤਸਰ ਦੇ ਇਲਾਕੇ ਦਾ ਦੌਰਾ ਸ਼ੁਰੂ ਕੀਤਾ। ਇਹਨਾਂ ਦਿਨਾਂ ਵਿਚ ਹੀ ਕੌਲਾਂ ਇਕ ਪਿੰਡ ਸੀ ਸਿਆਲਕੋਟ ਦੇ ਕੋਲ, ਉੱਥੇ ਇਕ ਸ਼ੇਰ ਸਿੰਘ ਨਾਉਂ ਦਾ ਸਿੰਘ ਸੀ। ਇਹ ਕਾਂਸ਼ੀ ਜਾ ਕੇ ਲਘੂ ਕੌਮਦੀ ਆਦਿ ਸੰਸਕ੍ਰਿਤ ਗ੍ਰੰਥਾਂ ਦਾ ਗਿਆਤਾ ਹੋ ਚੁਕਾ ਸੀ। ਇਸ ਨੂੰ ਸਤਿਗੁਰੂ ਜੀ ਨੇ ਗੁਪਤ ਦਰਸ਼ਨ ਦਿਤੇ ਕਿ ਜੇ ਤੂੰ ਸਾਡਾ ਦਰਸ਼ਨ ਕਰਨਾ ਚਾਹੁੰਦਾ ਹੈਂ ਤਾਂ ਅਸੀਂ ਮਾਲਵੇ ਦੇ ਇਲਾਕੇ ਦਾ ਦੌਰਾ ਕਰ ਰਹੇ ਹਾਂ। ਇੱਥੇ ਪੁੱਜ। ਇਸ ਨੇ ਪਹਿਲਾਂ ਕਦੇ ਵੀ ਸਤਿਗੁਰੂ ਜੀ ਦਾ ਦਰਸ਼ਨ ਨਹੀਂ ਸੀ ਕੀਤਾ। ਜਿਉਂ ਤੁਰਿਆ ਘਰੋਂ ਲੱਭਦੇ ਲੁਭਾਉਂਦੇ ਫੂਲੇ ਵਾਲਾ ਪਿੰਡ ਵਿਚ ਦੌਰਾ ਸੀ ਉਥੇ ਸਤਿਗੁਰੂ ਜੀ ਦੇ ਆ ਦਰਸ਼ਨ ਕੀਤੇ ਅਤੇ ਸਾਰੀ ਵਿਥਿਆ ਸੰਗਤ ਨੂੰ ਵੀ ਉਸ ਦੀਵਾਨ ਵਿਚ ਖਲੋ ਕੇ ਸੁਣਾਈ ਕਿ ਮੈਨੂੰ ਕਿਵੇਂ ਘਰੋਂ ਸੱਦ ਕੇ ਲਿਆਏ ਹਨ। ਸਾਰੀ ਸੰਗਤ ਹੈਰਾਨ ਰਹਿ ਗਈ ਕਿ ਸਤਿਗੁਰੂ ਆਪ ਵੀ ਆਪਣੇ ਸਿੱਖਾਂ ਨੂੰ ਇਸ ਤਰਾਂ ਕੋਲ ਆਪਣੇ ਖਿੱਚ ਲੈਂਦਾ ਹੈ। ਬਾਣੀ ਫਰੀਦ ਜੀ ਦੀ ਕਹਿੰਦੀ ਹੈ:

ਆਪ ਲੀਏ ਲੜ ਲਾਏ, ਦਰ ਦਰਵੇਸ ਸੇ।

**ਚਲਦਾ...**

# KUDRAT (NATURE) IN GURU NANAK'S HOLISTIC VISION



**Dr. D. P. Singh**

Guru Nanak is not only a sage or conventional mystic but an explorer with a scientific mind. To describe the beauty of nature, he lays a great emphasis on the wonder element, ਵਿਸਮਾਦੁ (wismad). The cosmic religious feeling as described by Albert Einstein can be seen in Guru Nanak's composition ëAsa Ki Varí where-in he acclaims the beauty of Nature as:

Wonderful is the sound current of the Naad, wonderful is the knowledge of the Vedas. Wonderful are the beings, wonderful are the species. Wonderful are the forms, wonderful are the colors. Wonderful are the beings who wander around naked. Wonderful is the wind, wonderful is the water. Wonderful is the fire, which works wonders. Wonderful is the earth, wonderful the sources of creation.

Wonderful are the tastes to which mortals are attached. Wonderful is union, and wonderful is separation. Wonderful is hunger, wonderful is satisfaction. Wonderful is His Praise, wonderful is His adoration. Wonderful is the wilderness, wonderful is the path. Wonderful is closeness, wonderful is distance. How wonderful to behold the Lord, ever-present here. Beholding His wonders, I am wonder-struck. O Nanak, those who understand this are blessed with perfect destiny. Guru Nanak in his composition *Aartee*elucidates that the sky, the sun, the moon, the stars, the wind and the flowers sing the praises of the Creator. Nature is His temple:

In the bowl of the sky, the sun and moon are the lamps; the stars in the constellations are the pearls. The fragrance of sandalwood is the incense, the wind is the fan, and all the vegetation are flowers in offering to You, O Luminous Lord. What a beautiful lamp-lit worship service this is! O Destroyer of fear, this is Your Aartee, Your worship service. The sound current of the Shabad is the sounding of the temple drums.

Thereby Guru Nanak expresses his wonder about how the entire creation is ecstatic, inspiring and kept in perfect order. He is amazed at immensity of hills, variety of water sources, diversity of trees and flowers, splendor of clouds, enormity of the Sun, the moon and the stars, and whatever appears to be wonderful. Julian Huxley, a noted zoologist, once opined; There are certain experience which transcend the ordinary experience, make the individual feel enlarged and have a quality of absoluteness and perfection, which

is absent in the human affairs of every day. Wonder and joy is a right relation towards Nature, whether we feel it in relation to a hypothetical power behind Nature or in relation to the stars, seas and living creatures directly. This feeling of wonder and joy is wismad and it is indescribable. Guru Nanak Dev expresses such a sense of wonder as: I am wonderstruck beholding the wonder of Your Almighty Creative Power. According to Mansukhani, a noted Sikh theologian, Waheguru is an expression of the feeling of wonder, when we contemplate God's Creation (Nature). It is a term for ecstasy - wismad. Wah signifies wonder, aweand mystery whereas Guru is a charismatic guide, a prophet and a dispeller of darkness. Here the Creator, Himself is Wah as well as the Guru. Thus, the term Waheguru symbolizes the wonderful enlightener.

**NATURE AND DIVINITY**

John Calvin (1509-64), a noted theologian once remarked; The creation is quite like a spacious and splendid house, provided and filled with the most exquisite and at the same time the most abundant furnishings. Everything in it tells us of God. Guru Nanak, in his hymns has proclaimed a sacred link between Nature and its Creator:

God Himself is unseen; He reveals Himself through His wondrous creative power. Nanak, the True One is the provider to all; He is revealed through His All-powerful Creative Nature. The True Creator Lord is pervading and permeating the water, the land and the air.

**NATURE AND SPIRITUALITY**

Nature offers manifold spiritual messages to us. In the words of St. Paul of the Cross (1694-1775): Listen to the sermon preached to you by the flowers, the trees, the shrubs, the sky and the whole world. Notice how they preach to you a sermon full of love, of praise to God, and how they invite you to glorify the sublimity of that sovereign Artist who has given them being. Buddhist monk Coleman asserts that in nature we can feel a living connection with life all around us. Being outdoors we can taste how we are held and nourished exquisitely by the intricate web of life that is supporting us in every moment, every breath. Natural spirituality offers us a vision of something greater than ourselves that transcends our individual concepts of Deity. Natural spirituality implies a sacred connection to the Earth and Universe. The message contained in Guru Nanak's hymns concurs such a relationship with Nature:

Nights, days, weeks and seasons; wind, water, fire and the nether regions ñ in the midst of these, He established the earth as a home for Dharma (Righteous action). As the lotus flower floats untouched upon the surface of the water, and the duck swims through the stream; so, with one's consciousness focused on the Word (Shabad), one crosses over the terrifying world- ocean. O Nanak, chant the Naam, the Name of the Lord. O mind, love the Lord, as the lotus loves the water. Tossed about by the waves, it still blossoms with love.

**NATURE AND HUMANITY**

Of all living beings, humans have the most impact on Nature. Many human activities that relate to agriculture, transportation, and industry create different kinds of contaminants. Whether they are

released into the water, the air, or the ground, these pollutants waste no time spreading throughout an ecosystem, throwing the natural environment off balance. Nature's health and future depend on our willingness to fight the causes of pollution and to work hand in hand to prevent it.

Our water reserves are being constantly polluted by waste from agriculture, industries, and sewers. Every year, millions of tons of industrial waste, household garbage, fertilizer, and pesticides are dumped into nature. Automobile engines and power plants burn combustible fuels like gasoline and coal and allow toxic gases and smoke to escape into the air. Some pollutants help destroy the ozone layer, others contribute to global warming, and still others create acid rain. All these phenomena have disastrous effects on Nature and its constituting elements. Guru Nanak elaborated on such a state of Nature in his hymns as:

Pollution is the burning fire, which is consuming the world. Pollution is in the water, upon the land, and everywhere. O Nanak, people are born and die in pollution. Guru Nanak has asserted that we can control the pollution of Nature provided we have knowledge and wisdom to do so. Thereby he emphasized that the relevant knowledge be acquired and it be applied wisely to overcome the difficult situation:

O Nanak, impurity cannot be removed in this way; it is washed away only by knowledge and wisdom. Thus Guru Nanak, a great preceptor and a mystic prophet of extraordinary foresight, with his remarkable gift of intuition, brought forth revelations and contributed meaningful generic thought to our understanding of Nature. He has revealed the cosmological and physical evolutionary explanation of Nature, in subtle and sensitive manner, which is in general in consonance with the findings of modern scientific research.

.......................................................

## उस्ताद ज़ाकिर हुसैन.....

उसके बाद सन् 2014, 2015, 2019 और 2023 में भी ज़ाकिर जी ने सद्गुरु उदय सिंह जी की हजूरी में सद्गुरु जगजीत सिंह संगीत सम्मेलन में अपनी कला से नामधारी साध-संगत और संगीत रसिकों को मंत्र मुग्ध किया तथा सद्गुरु उदय सिंह जी की अपार खुशियों के साथ-साथ, साध-संगत और बाहर से आए श्रोताओं का प्यार और दुलार प्राप्त किया।

उस्ताद ज़ाकिर हुसैन जी का इस तरह अचानक दुनिया से विदा हो जाना सारे संगीत जगत और विशेष रूप से नामधारी संगत को एक गहरे दुःख में धकेल गया। उनके निधन से एक सांगीतिक युग का अंत हो गया। ऐसे कलाकार और ऐसे इंसान सदियों में एक बार जन्म लेते हैं। ज़ाकिर जी एक फरिश्ता थे जो 73 वर्षों के लिए पृथ्वी ग्रह पर आए और तबले की दशा और दिशा दोनों बदल गए।

उस्ताद ज़ाकिर हुसैन जी का इस दुनिया से जाना वैश्विक संगीत के लिए अपूर्णीय क्षति है। जब तक सूरज और चाँद हैं उनका तबला और संगीत हम सभी को आध्यात्मिक अनुभूति और आत्मरंजन से ओतप्रोत करता रहेगा । वे भले ही अब शारीरिक रूप से हमारे बीच नही हैँ लेकिन अपनी कला के जरिए वो हमेशा हमारे दिलों में रहेंगे।

परम पूज्य सद्गुरु जी के चरणों में प्रार्थना है कि वे उस्ताद ज़ाकिर हुसैन जी की जीवात्मा को अपने चरणों में निवास प्रदान करें तथा उनके परिवार, शिष्यों और प्रशंसकों को उनका बिछोड़ा सहन करने की शक्ति प्रदान करें।

.......................................................

# ਖ਼ਬਰਨਾਮਾ

## ਪਿੰਡ ਮਰਾਸਗੜ੍ਹ (ਦਸੂਹਾ) ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਨਾਮਧਾਰੀ ਸਾਧ ਸੰਗਤ ਇਸ ਗੱਲ ਦੀ ਅਤੀਅੰਤ ਖੁਸ਼ੀ ਮਹਿਸੂਸ ਕਰਦੀ ਹੈ ਜਦੋਂ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਹਨਾਂ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਉਸ ਇਲਾਕੇ ਵਿਚ ਦਰਸ਼ਨ ਦੇਣ ਦੀ ਕਿਰਪਾ ਕਰਦੇ ਹਨ। ਜ਼ਿਲ੍ਹਾਂ ਹੁਸ਼ਿਆਰਪੁਰ ਦੇ ਸ਼ਹਿਰ ਦਸੂਹਾ ਵਿਖੇ ਸ. ਅਮਰ ਸਿੰਘ ਬਾਜਵਾ ਦੇ ਸਮੁੱਚੇ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਅਰਜ਼ ਬੇਨਤੀ ਕਈ ਵਾਰ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਇਸ ਪਰਿਵਾਰ ਨੂੰ ਮੇਲਾ ਕਰਨ ਆਗਿਆ ਬਖਸ਼ੀ। **ਮਿਤੀ 24 ਨਵੰਬਰ 2024 ਦਿਨ ਐਤਵਾਰ** ਨੂੰ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਲੁਧਿਆਣਾ ਵਿਖੇ ਵੀਰ ਪੈਲਿਸ ਦੇ ਨਜ਼ਦੀਕ ਜੀਵਨ ਨਗਰ-ਕਾਲੋਨੀ ਵਿਖੇ ਸ. ਦਰਸ਼ਨ ਸਿੰਘ ਦੇ ਗ੍ਰਹਿ ਵਿਖੇ ਉਹਨਾਂ ਦੀ ਪੋਤਰੀ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਹੁਕਮ ਕੀਤਾ। ਏਥੋਂ ਹੀ ਸ਼ਹਿਰ ਫਗਵਾੜਾ ਦੇ ਰਤਨਪੁਰ ਗਲੀ ਨੰ. 1 ਵਿਖੈ ਸ. ਕਮਲਜੀਤ ਸਿੰਘ ਪੁੱਤਰ ਸ. ਜੋਗਾ ਸਿੰਘ ਦੀ ਫੈਕਟਰੀ ਦੇ ਉਦਘਾਟਨ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਏਸੇ ਤਰ੍ਹਾਂ ਰਸਤੇ ਵਿੱਚ ਪੜਾਵਾਰ ਸ਼ੀਹਰ ਟਾਂਡਾਂ ਵਿਖੇ ਰਜਿੰਦਰ ਕਲੋਨੀ ਵਿੱਚ ਡਾ. ਸੰਤੋਖ ਸਿੰਘ ਪੁੱਤਰ ਸ. ਮਾਸਟਰ ਸੁਖਵੰਤ ਸਿੰਘ ਨਿਹਾਲਗੜ੍ਹ ਵਾਲੇ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ, ਸ਼ਹਿਰ ਦਸੂਹਾ ਵਿਖੇ ਰਾਗੀ ਸਤਨਾਮ ਸਿੰਘ ਪੁੱਤਰ ਸ. ਸੁੱਚਾ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਏ। ਏਥੇ ਹੀ ਸ. ਹਰਦਿਆਲ ਸਿੰਘ ਪੁੱਤਰ ਸ. ਜੋਗਿੰਦਰ ਸਿੰਘ ਦੇ ਘਰ ਦਰਸ਼ਨ ਦਿੱਤੇ।

ਪਿੰਡ ਫਤਨ ਚੱਕ ਵਿਖੇ ਸ. ਹਰਦਿਆਲ ਸਿੰਘ ਪੁੱਤਰ ਸ. ਹਜ਼ੂਰਾ ਸਿੰਘ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਮਰਾਸਗੜ ਵਿਖੇ ਸ. ਮਨਜੀਤ ਸਿੰਘ, ਗੁਰਦੀਪ ਸਿੰਘ, ਰਣਜੀਤ ਸਿੰਘ ਅਤੇ ਕੁਲਦੀਪ ਸਿੰਘ ਪੁੱਤਰ ਸ. ਅਮਰ ਸਿੰਘ ਦੇ ਗ੍ਰਹਿ ਵਿਖੇ ਆਣ ਪ੍ਰਸ਼ਾਦ ਪਾਣੀ ਛਕਿਆਂ ਇਸ ਪਰਿਵਾਰ ਵੱਲੋਂ ਹੀ ਅੱਜ ਦਾ ਮੇਲਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਮਨਾਇਆ ਜਾ ਰਿਹਾ ਸੀ। ਅੱਜ ਦੇ ਦੀਵਾਨ ਵਿੱਚ ਸ. ਕੁਲਦੀਪ ਸਿੰਘ ਮੰਨਣ, ਸੂਬਾ ਅਜੀਤ ਸਿੰਘ ਜੀ ਬਟਾਲਾ, ਸੂਬਾ ਬਲਵਿੰਦਰ ਸਿੰਘ ਚੱਕਯਕੂਬ ਅਤੇ ਜਥੇਦਾਰ ਗੁਰਬਚਨ ਸਿੰਘ ਨੇ ਦੀਵਾਨ ਸਜਾਏ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦੇਣ ਸਮੇਂ ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗੁਰਬਾਣੀ ਦਾ ਕੀਰਤਨ ਵਿੱਚ ਭਗਤ ਨਾਮਦੇਵ ਜੀ ਦਾ ਸ਼ਬਦ-

"ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ"

ਗਾਇਨ ਕੀਤਾ। ਸ੍ਰੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 3 ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। 1 ਪਾਠ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ, ਇਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਤੇ ਇਕ ਪਾਠ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿੱਚ ਪਰਿਵਾਰ ਵਲੋਂ ਪਾਏ ਗਏ। ਸ. ਅਮਰ ਸਿੰਘ ਜੀ ਦੇ ਚਾਰੇ ਸਪੁੱਤਰਾਂ ਨੇ ਸਮੇਤ ਪਰਿਵਾਰ ਸੰਗਤ ਵਿੱਚ ਸ਼ਰਧਾ ਸਤਿਕਾਰ ਸਹਿਤ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਮੱਥਾ ਟੇਕਿਆਂ।

ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਬੁੱਧੋਬਰਕਤ ਵਿਖੇ ਸ. ਦਿਲਬਾਗ ਸਿੰਘ ਪੁੱਤਰ ਸੁੱਚਾ ਸਿੰਘ, ਸਰਬਜੀਤ ਸਿੰਘ ਪੁੱਤਰ ਸ. ਗੁਰਦੇਵ ਸਿੰਘ, ਗੁਲਜ਼ਾਰ ਸਿੰਘ ਪੁੱਤਰ ਕਰਤਾਰ ਸਿੰਘ, ਮਨਜੀਤ ਸਿੰਘ ਪੁੱਤਰ ਵਿਰਸਾ ਸਿੰਘ ਅਤੇ ਜਸਵੀਰ ਸਿੰਘ ਪੁੱਤਰ ਪਿਆਰਾ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਇਸ ਤਰ੍ਹਾਂ ਦਸੂਹੇ ਇਲਾਕੇ ਵਿੱਚ ਸ. ਅਮਰ ਸਿੰਘ ਬਾਜਵਾ ਦੇ ਪਰਿਵਾਰ ਵਲੋਂ ਕਰਵਾਏ ਗਏ ਮੇਲੇ ਦੀ ਸਮਾਪਤੀ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਪਿੰਡ ਬੀੜ ਗੁਰੂ ਕਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲਾ ਫਤਿਹਗੜ੍ਹ ਸਾਹਿਬ ਦਾ ਪਿੰਡ ਹੈ ਬੀੜ ਗੁਰੂ ਕਾ ਜਿਸ ਨੂੰ ਇਹ ਮਾਣ ਹਾਸਲ ਹੈ ਕਿ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਆਪਣੀ ਬਖਸ਼ਿਸ਼ ਸਦਕਾ ਇਹ ਨਗਰ ਵਸਾਇਆ ਹੋਇਆ ਹੈ। ਇਹ ਹੀ ਕਾਰਨ ਸੀ ਕਿ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨਗਰ ਨੂੰ ਨਿਵਾਜਿਆ ਹੈ। ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚਾ ਸਮਾਂ ਦੇ ਕੇ ਇਸ ਨਗਰ ਨੂੰ ਆਪਣਾ ਪਿਆਰ ਬਖਸ਼ਦੇ ਹਨ। ਬੀੜ ਨਿਵਾਸੀ ਸ. ਕੁਲਦੀਪ ਸਿੰਘ ਪੁੱਤਰ ਸ. ਬਖਸ਼ੀਸ਼ ਸਿੰਘ ਦੇ ਪਰਿਵਾਰ ਵੱਲੋਂ ਅਰਜ਼ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 22 ਨਵੰਬਰ 2024 ਦਿਨ ਸ਼ੁੱਕਰਵਾਰ ਨੂੰ ਪਿੰਡ ਬੀੜ ਵਿਖੇ ਸ. ਕੁਲਵਿੰਦਰ ਸਿੰਘ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿੱਤਰ ਗੁਰਬਾਣੀ ਦੇ ਦੋ ਅਖੰਡ ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਉਪਰੰਤ ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਸਾਥੀਆਂ ਸਮੇਤ ਦੀਵਾਨ ਸਜਾਇਆ। ਸ੍ਰੀ ਸਤਿਗੁਰੂ ਜੀ ਨੇ ਪ੍ਰੇਮ ਸਿੰਘ ਪੁੱਤਰ ਬਖਸ਼ੀਸ਼ ਸਿੰਘ ਅਤੇ ਸ. ਬਲਕਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਵੀ ਕੀਤੀ। ਏਸੇ ਦੌਰਾਨ ਸ. ਸੁਰਜੀਤ ਸਿੰਘ ਪੁੱਤਰ ਸ. ਪਿਆਰਾ ਸਿੰਘ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਲਈ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਬਲਵਿੰਦਰ ਸਿੰਘ ਪੁੱਤਰ ਤਾਰਾ ਸਿੰਘ, ਹਰਦੀਪ ਸਿੰਘ ਪੁੱਤਰ ਜਰਨੈਲ ਸਿੰਘ ਅਤੇ ਸੋਹਨ ਸਿੰਘ ਪੁੱਤਰ ਮੇਹਰ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋਂ ਹੀ ਸ੍ਰੀ ਭੈਣੀ ਸਾਹਿਬ ਵਾਪਸੀ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਲੁਧਿਆਣੇ ਵਾਲੇ ਸ਼ਹੀਦੀ ਦੀ ਯਾਦ ਵਿੱਚ ਮੇਲਾ

ਭਾਰਤ ਦੀ ਆਜ਼ਾਦੀ ਅਤੇ ਗਊ ਗਰੀਬ ਦੀ ਰੱਖਿਆ ਖਾਤਰ ਆਪਾ ਵਾਰਨ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਦੋ ਰਤਨ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਨਾਈਵਾਲਾ ਜਿਨ੍ਹਾਂ ਨੂੰ ਅੰਗਰੇਜ਼ ਹਕੂਮਤ ਦੇ ਖਿਲਾਫ ਆਪਣੀ ਅਵਾਜ਼ ਨੂੰ ਬੁਲੰਦ ਕਰਨ ਦੇ ਕੇਸ ਹੇਠ 26 ਨਵੰਬਰ 1871 ਈ. ਨੂੰ ਲੁਧਿਆਣਾ ਵਿਖੇ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਸੂਰਬੀਰਾਂ ਦੀ ਯਾਦ ਵਿੱਚ ਸਲਾਨਾ ਸ਼ਹੀਦੀ ਜੋੜ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਮਿਤੀ 26 ਨਵੰਬਰ 2024 ਦਿਨ ਮੰਗਲਵਾਰ ਨੂੰ ਮਨਾਇਆ ਗਿਆ। ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਜੋ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਉਸਾਰਿਆਂ ਗਿਆ ਹੁਣ ਇਸ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਅਤੀ ਸੁੰਦਰ ਦੀਵਾਨ ਹਾਲ, ਲੰਗਰ ਹਾਲ, ਪੁਰਾਤਨ ਇਮਾਰਤ ਨੂੰ ਨਵਾਂ ਰੂਪ ਅਤੇ ਸਮੁੱਚੇ ਸ਼ਹੀਦੀ ਸਮਾਰਕ ਦੀ ਕਾਇਆ ਕਲਪ ਕੀਤੀ ਗਈ ਹੈ। ਇਸ ਸਮੁੱਚੇ ਸ਼ਹੀਦੀ ਸਮਾਰਕ ਦੀ ਉਸਾਰੀ ਦੀ ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਵਧਾਈ ਦਿਤੀ। ਸ੍ਰੀ ਸਤਿਗੁਰੂ ਜੀ ਨੇ ਪਹਿਲਾਂ ਸਮੁੱਚੇ ਸ਼ਹੀਦੀ ਸਮਾਰਕ ਦਾ ਭਰਮਨ ਕੀਤਾ। ਫਿਰ ਦੀਵਾਨ ਵਿੱਚ ਦਰਸ਼ਨ ਦਿੱਤੇ।

ਜਥੇ. ਨਿਸ਼ਾਨ ਸਿੰਘ ਦਿੱਲੀ ਦੀਵਾਨ ਸਜਾ ਰਹੇ ਸਨ। ਦੀਵਾਨ ਸਮਾਪਤੀ ਉਪਰੰਤ ਗੁਰਪ੍ਰੀਤ ਕੌਰ ਪੁੱਤਰੀ ਗੁਰਸੇਵਕ ਸਿੰਘ ਨੇ ਕਵਿਤਾ ਸੁਣਾਈ। ਸਿਮਰਨ ਸਿੰਘ ਦੇ ਸਿਖਿਆਰਥੀ ਬੱਚੇ ਬੱਚੀਆਂ ਨੇ ਕਬੀਰ ਜੀ ਦਾ ਸ਼ਬਦ ਗਾਇਨ ਕੀਤਾ। ਹਰਨਾਮ ਸਿੰਘ, ਆਸਾ ਸਿੰਘ, ਗੁਰਸੇਵਕ ਸਿੰਘ, ਸੁੰਦਰ ਸਿੰਘ, ਸੰਤਾ ਸਿੰਘ ਤੇ ਸਿਮਰਨ ਸਿੰਘ ਨੇ ਕਬੀਰ ਜੀ ਦਾ ਸ਼ਬਦ ਐਸੇ ਮਰਹੁ ਜਿ ਬਹੁਰਿ ਨਾ ਮਰਨਾ ਗਾਇਨ ਕੀਤਾ। ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਂਟ ਕਰਦੇ ਹੋਏ ਹਲਕਾ ਵਿਧਾਇਕ ਸ੍ਰੀ ਅਸ਼ੋਕ ਪਰਾਸਰ ਪੱਪੀ, ਸ. ਰਨਜੀਤ ਸਿੰਘ ਢਿੱਲੋ (Ex. M.L.A) ਸ੍ਰੀ ਕ੍ਰਿਸਨ ਕੁਮਾਰ ਬਾਵਾ, ਸ. ਮਲਕੀਤ ਸਿੰਘ ਦਾਖਾ (ਮੰਤਰੀ), ਸ੍ਰੀ ਜਤਿੰਦਰ ਮਿੱਤਲ ਪ੍ਰਧਾਨ ਭਾਰਤੀ ਜਨਤਾ ਪਾਰਟੀ, ਸੇਵਕ ਹਰਪਾਲ ਸਿੰਘ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ਼ਹੀਦਾਂ ਪ੍ਰਤੀ ਸ਼ਰਧਾ ਸਤਿਕਾਰ ਭੇਂਟ ਕਰਦੇ ਹੋਏ ਸ਼ਰਧਾਜਲੀ ਸ਼ਬਦ ਆਖੇ। ਸਟੇਜ ਸਕੱਤਰ ਦੀ ਸੇਵਾ ਸ. ਅਜੀਤ ਸਿੰਘ ਨਾਮਧਾਰੀ ਨੇ ਨਿਭਾਈ। ਸ੍ਰੀ ਸਤਿਗੁਰੂ ਜੀ ਨੇ ਸੇਵਾ ਨੂੰ ਸਮਰਪਿਤ ਕੁਝ ਸਖਸ਼ੀਅਤਾਂ ਨੂੰ ਆਪਣੇ ਕਰ ਕਮਲਾਂ ਦੁਆਰਾ ਸਨਮਾਨ ਬਖਸ਼ਿਸ਼ ਕੀਤਾ। ਜਿਨ੍ਹਾਂ ਵਿੱਚ ਸ. ਤ੍ਰਿਲੋਚਨ ਸਿੰਘ ਪੁੱਤਰ ਤਾਰਾ ਸਿੰਘ, ਸੁਖਵਿੰਦਰ ਕੌਰ ਪੁੱਤਰੀ

ਸ. ਲੱਖਾ ਸਿੰਘ, ਦਵਿੰਦਰ ਕੌਰ ਪਤਨੀ ਮਹਿੰਦਰ ਸਿੰਘ, ਗੁਰਚਰਨ ਕੌਰ ਪਤਨੀ ਹਰਭਜਨ ਸਿੰਘ ਸ਼ਾਮਲ ਸਨ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕ੍ਰਿਪਾ ਕੀਤੀ ਅਤੇ ਇਸ ਦੇ ਨਾਲ ਹੀ ਅਰਦਾਸ ਉਪਰੰਤ ਮੇਲੇ ਦੀ ਸਮਾਪਤੀ ਕੀਤੀ। ਮੇਲੇ ਦੀ ਸੇਵਾ ਰਜਿੰਦਰਪਾਲ ਸਿੰਘ ਸੂਰਾ ਦੇ ਸਪੁੱਤਰ ਸ. ਗੁਰਸੇਵਕ ਸਿੰਘ ਤੇ ਗੁਰਦਿਆਲ ਸਿੰਘ ਵੱਲੋਂ ਕੀਤੀ ਗਈ। ਇਨ੍ਹਾਂ ਦੇ ਗ੍ਰਹਿ ਵਿਖੇ ਹੀ ਸ੍ਰੀ ਸਤਿਗੁਰੂ ਜੀ ਅਤੇ ਸਿਖ ਸੇਵਕਾਂ ਨੇ ਪ੍ਰਸ਼ਾਦ ਛਕਿਆ।

**ਸੂਬਾ ਬਲਵਿੰਦਰ ਸਿੰਘ ਝੱਲ**

................................................................

## ਪਿੰਡ ਮਨਸੂਰਵਾਲ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਜੇ ਹੋਏ ਸੂਬਾ ਹਰਦੀਪ ਸਿੰਘ ਦਾ ਨਗਰ ਹੈ ਜਿਲ੍ਹਾਂ ਫਿਰੋਜਪੁਰ ਦਾ ਪਿੰਡ ਮਨਸੂਰਵਾਲ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਨਿਵਾਜੇ ਅਤੇ ਵਿਸ਼ੇਸ਼ ਪਿਆਰ ਦੇ ਪਾਤਰ ਹਨ ਸੂਬਾ ਹਰਦੀਪ ਸਿੰਘ ਜੀ ਜਿਨ੍ਹਾਂ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਮਨਸੂਰ ਵਾਲ ਵਿਖੇ ਮਿਤੀ 27 ਨਵੰਬਰ 2024 ਦਿਨ ਬੁੱਧਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਵਾਲੇ ਪਾ ਕੇ ਵਾਇਆ ਜਗਰਾਓ ਮੋਗਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਤਕਰੀਬਨ 9 ਵੱਜ ਕੇ 30 ਮਿੰਟ ਤੇ ਪਿੰਡ ਮਨਸੂਰਵਾਲ ਵਿਖੇ ਸੂਬਾ ਹਰਦੀਪ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਜੀਰਾ ਵਿਖੇ ਸ. ਹਰਜੀਤ ਸਿੰਘ ਪੁੱਤਰ ਸ. ਗੁਰਬਚਨ ਸਿੰਘ ਦੇ ਪੈਰਾਡਾਇਜ ਸਕੂਲ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਪੰਡਾਲ ਵਿੱਚ ਦਰਸ਼ਨ ਦੇਣ ਸਮੇਂ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਦੀਵਾਨ ਸਜਾ ਰਹੇ ਸਨ। ਜਿਕਰਯੋਗ ਹੈ ਕਿ ਅੱਜ ਦਾ ਮੇਲਾ ਸੂਬਾ ਹਰਦੀਪ ਸਿੰਘ ਜੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਮਨਾਇਆ ਜਾ ਰਿਹਾ ਸੀ। ਜਥੇਦਾਰ ਜੀ ਦੇ ਦੀਵਾਨ ਦੀ



ਸਮਾਪਤੀ ਉਪਰੰਤ ਕਾਕਾ ਅਮਰਿੰਦਰ ਸਿੰਘ ਪੁੱਤਰ ਅੰਮ੍ਰਿਤਪਾਲ ਸਿੰਘ ਨੇ ਕਵਿਤਾ ਸੁਨਾਈ (ਮੈਂ ਹਾਂ ਤੇਰਾ ਬੀਬਾ ਬਾਲ) ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਕੇ ਗੁਰਬਾਣੀ ਅਤੇ ਨਾਮ ਸਿਮਰਨ ਨਾਲ ਜੁੜਿਆ ਜਾਵੇ, ਸੂਬਾ ਹਰਦੀਪ ਸਿੰਘ ਜੀ ਸ੍ਰੀ ਸਤਿਗੁਰੂ ਜੀ ਦਾ ਅਤੇ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ। ਅੱਜ ਦੇ ਸਮਾਗਮ ਵਿੱਚ ਵੱਖ-ਵੱਖ ਸੰਪ੍ਰਦਾਵਾਂ ਦੇ ਆਏ ਹੋਏ ਸਾਧੂ ਜਨਾਂ ਨੂੰ ਸ੍ਰੀ ਸਤਿਗੁਰੂ ਜੀ ਸਨਮਾਨ ਬਖਸ਼ਿਸ਼ ਕੀਤਾ ਜਿਨ੍ਹਾਂ ਵਿੱਚ ਸੰਤ ਗਗਨਦਾਸ ਕੱਟ ਸੁਖੀਏ ਤੋਂ, ਬਾਬ ਹਰਬੰਸ ਸਿੰਘ ਜੀ ਕੋਟਲੇ ਵਾਲੇ, ਸੰਤ ਜਸਵੰਤ ਸਿੰਘ ਹਿੰਮਤਪੁਰੇ ਵਾਲੇ, ਬਾਬਾ ਧਰਮਪੁਰੀ ਜੀ ਕਾਲੀਏ ਵਾਲੇ ਸਨ। ਮੇਲੇ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿੱਤਰ ਗੁਰਬਾਣੀ ਦੇ 3 ਪਾਠਾਂ ਦੇ ਭੋਗ ਪਾਏ ਗਏ ਅਤੇ ਮੇਲੇ ਦੀ ਸਮਾਪਤੀ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

................................................................

## ਅਲਵਿਦਾ ਡਾ. ਮਨਮੋਹਨ ਸਿੰਘ

26 ਦਸੰਬਰ 2024 ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ 92 ਸਾਲ ਦੀ ਉਮਰ ਵਿੱਚ 26 ਦਸੰਬਰ ਨੂੰ ਚਲਾਣਾ ਕਰ ਗਏ। ਡਾ. ਸਾਹਿਬ ਦਾ ਜਨਮ 26 ਸਤੰਬਰ 1932 ਈ. ਨੂੰ ਮੌਜੂਦਾ ਪਾਕਿਸਤਾਨ ਦੇ ਪਿੰਡ ਗਾਹ ਵਿੱਚ ਪਿਤਾ ਗੁਰਮੁੱਖ ਸਿੰਘ ਮਾਤਾ ਸ੍ਰੀਮਤੀ ਅੰਮ੍ਰਿਤ ਕੌਰ ਦੇ ਘਰ ਹੋਇਆ। ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਅਰਥ ਸ਼ਾਸਤਰ ਵਿੱਚ ਕਰਨ ਤੋਂ ਬਾਅਦ ਆਪ ਕੈਂਬਰਿਜ



ਯੂਨੀਵਰਸਿਟੀ ਚਲੇ ਗਏ। 1960 ਵਿੱਚ ਡੀ ਫਿਲ ਦੀ ਡਿਗਰੀ ਲਈ ਪ੍ਰੋਫ਼ੈਸਰ ਆਇਨ ਸਿਟਲ ਦੀ ਰਹਿਨੁਮਾਈ ਹੇਠ "ਭਾਰਤ ਦੀ ਬਰਾਮਦ" ਤੇ ਖੋਜ ਕਰਦਿਆਂ ਆਪਣਾ ਥੀਸਿਜ਼ ਲਿਖਿਆ। ਉਹ ਬਤੌਰ ਲੈਕਚਰਾਰ ਪੰਜਾਬ ਯੂਨੀਵਰਸਿਟੀ ਵਿੱਚ ਕਾਰਜ ਸ਼ੀਲ ਰਹੇ। ਇਕਨੌਮਿਕਸ ਦੀ ਮੁਹਾਰਤ ਨੂੰ ਦੇਖਦੇ ਹੋਏ ਕੇਂਦਰੀ ਮੰਤਰੀ ਲਲਿਤ ਨਰਾਇਣ ਮਿਸ਼ਰਾ ਨੇ ਉਨ੍ਹਾਂ ਨੂੰ ਭਾਰਤੀ ਵਿਦੇਸ਼ੀ ਵਾਪਾਰ ਦੇ ਮੰਤਰਾਲੇ ਵਿੱਚ ਸਲਾਹਕਾਰ ਨਿਯੁਕਤ ਕਰ ਲਿਆ।

1972 ਵਿੱਚ ਉਹਨਾਂ ਨੂੰ ਵਿਤ ਮੰਤਰਾਲੇ ਵਿੱਚ ਚੀਫ਼ ਇਕਨੌਮਿਕ ਐਡਵਾਈਜਰ ਵਜੋਂ ਸ਼ਾਮਿਲ ਕੀਤਾ ਗਿਆ। ਵੱਖ-ਵੱਖ ਅਰਥ ਸ਼ਾਸਤਰ ਨਾਲ ਸਬੰਧਤ ਉੱਚ ਅਹੁਦਿਆ ਤੇ ਰਹੇ। 1985 ਵਿੱਚ ਰਿਜ਼ਰਵ ਬੈਂਕ ਦੇ ਗਵਰਨਰ ਤੋਂ ਆਪ ਯੋਜਨਾ ਕਮਿਸ਼ਨ ਦੇ ਡਿਪਟੀ ਚੈਅਰਮੈਨ ਬਣ ਗਏ। 1991 ਦੀ ਸ੍ਰੀ ਨਰਸਿਮਾ ਰਾਓ ਦੀ ਨਵੀਂ ਸਰਕਾਰ ਵਿੱਚ ਆਪ ਨੂੰ ਵਿੱਤ ਮੰਤਰੀ ਵਜੋਂ ਚੁਣਿਆ ਗਿਆ। ਆਪ ਦਾ ਕੋਈ ਸਿਆਸੀ ਬੈਕ ਗਰਾਉਂਡ ਨਹੀਂ ਸੀ ਪਰ ਇਕ ਤਜਰਬੇਕਾਰ ਅਰਥ ਸ਼ਾਸਤਰੀ ਹੋਣ ਕਾਰਨ ਆਪ ਨੇ ਭਾਰਤੀ ਮੁਦਰਾ ਦੀ ਸਥਿਤੀ ਨੂੰ ਮਜਬੂਤ ਕਰਨ ਲਈ ਚਮਤਕਾਰੀ ਕਾਰਜ ਕੀਤਾ। ਡਾ. ਮਨਮੋਹਨ ਸਿੰਘ ਇਕ ਮਹਾਨ ਹਸਤੀ ਸਨ ਜਿਨ੍ਹਾਂ ਨੇ ਦੇਸ਼ ਨੂੰ ਵੱਡੀ ਕੰਗਾਲੀ ਤੋਂ ਬਚਾਉਣ ਲਈ ਦੇਸ਼ ਹਿਤ ਨਵੀਆਂ ਨੀਤੀਆਂ ਲਾਗੂ ਕੀਤੀਆਂ। ਭਾਰਤੀ ਬਜਾਰ ਨੂੰ ਹੋਰ ਮੋਕਲਾ ਕੀਤਾ। ਪ੍ਰਾਈਵੇਟ ਇੰਨਵੈਸਟਮੈਂਟ ਨੂੰ ਤਰਜੀਹ ਦਿੱਤੀ। ਰੁਪਈਆਂ ਮਜਬੂਤ ਕੀਤਾ। ਦੇਸ਼ ਦੇ ਅਰਥਚਾਰੇ ਨੂੰ ਮੁੜ ਪੈਰਾਂ ਤੇ ਖੜਾ ਕੀਤਾ। ਵਿਰੋਧੀ ਧਿਰ ਦੇ ਨੇਤਾਂ ਰਹਿੰਦਿਆਂ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਰਹਿੰਦਿਆ ਡਾ. ਮਨਮੋਹਨ ਸਿੰਘ ਜੀ ਨੇ ਕਦੇ ਆਪਣੇ ਭਾਸ਼ਣਾ ਵਿੱਚ ਮੰਦਾ, ਕਠੋਰ ਸ਼ਬਦ ਨਹੀਂ ਵਰਤਿਆ। ਭਾਂਵੇ ਵਿਰੋਧੀਆਂ ਨੇ ਉਨ੍ਹਾਂ ਖਿਲਾਫ਼ ਬਹੁਤ ਕੁਫਰ ਤੋਲਿਆ। ਰਾਜਨੀਤੀ ਵਰਗੀ ਕਾਲਖ ਭਰੀ ਖੇਡ ਵਿੱਚ ਡਾ. ਸਾਹਿਬ ਸਾਫ਼ ਦਾਮਨ ਰਹੇ।

ਨਾਮਧਾਰੀ ਪੰਥ ਨਾਲ ਡਾ. ਸਾਹਿਬ ਦੀ ਬਹੁਤ ਨਿਘੀ ਸਾਂਝ ਸੀ। ਜਦੋਂ ਆਪ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮਿਲੇ ਤਾਂ ਇਕ ਪੂਰਨ ਸਿਖ ਵਾਂਗ ਨਿਮਰਤਾ ਨਾਲ ਚਰਨਾਂ ਵਿੱਚ ਝੁਕ ਕੇ ਨਮਸਕਾਰ ਕੀਤੀ। ਹੱਥ ਜੋੜ ਬਖ਼ਸ਼ਿਸ਼ ਮੰਗੀ। ਡਾ. ਸਾਹਿਬ ਦੀ ਆਤਮਾਂ ਨੂੰ ਸਤਿਗੁਰੂ ਚਰਨਾਂ ਵਿੱਚ ਨਿਵਾਸ ਬਖਸ਼ਣ।

**ਸੰਪਾਦਕ**

## ਹੰਸਪਾਲ ਜੀ ਦਾ ਵਿਛੋੜਾ

ਕੁਝ ਚਿਰ ਪਹਿਲਾਂ ਸਰਦਾਰ ਹਰਵਿੰਦਰ ਸਿੰਘ ਹੰਸਪਾਲ ਜੀ ਅਕਾਲ ਚਲਾਨਾ ਕਰ ਗਏ ਹਨ। ਆਮ ਕਰਕੇ ਉਹਨਾਂ ਦੀ ਪਹਿਚਾਣ ਇਕ ਨਾਮਧਾਰੀ ਹੋਣ ਦੀ ਕੀਤੀ ਜਾਂਦੀ ਹੈ। ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਕਟ ਵਰਤੀਆਂ ਵਿਚੋਂ ਸਨ। ਹਮੇਸ਼ਾ ਹੀ ਕੋਈ ਸਮਾਗਮ ਹੋਵੇ ਉਹ ਮੋਹਰਲੀ ਕਤਾਰ ਵਿੱਚ ਬੈਠੇ ਨਜ਼ਰ ਆਉਂਦੇ ਸਨ। ਸਾਰੀ ਉਮਰ ਉਹਨਾਂ ਨੇ ਨਾਮਧਾਰੀ ਸਫੇਦ ਲਿਬਾਸ ਪਹਿਣ ਕੇ ਰਖਿਆ ਤੇ ਸਫ਼ੇਦ ਪਗੜ੍ਹੀ ਵੀ ਉਹਨਾਂ ਦੀ ਵਖਰੀ ਪਛਾਣ ਸੀ। ਹੰਸਪਾਲ ਜੀ ਨੂੰ ਮੈਂ ਪੰਜਾਬੀਆਂ ਦੀ ਸੇਵਾ ਵਿੱਚ ਹਮੇਸ਼ਾ ਰੁਝਿਆਂ ਦੇਖਿਆ ਹੈ। ਇਹ ਉਹਨਾਂ ਦੀ ਹਿੰਮਤ ਸੀ ਕਿ ਅੰਤਰਰਾਸ਼ਟਰੀ ਪੰਜਾਬੀ ਕਾਨਫਰਾਂਸ ਬੈਂਕਾਕ ਵਿਚ ਕੀਤੀ ਗਈ ਸੀ। ਭਾਰਤ ਵਿਚੋਂ ਉਚ ਕੋਟੀ ਦੇ ਕਵੀ ਲੇਖਕ ਕਲਾਕਾਰ ਵੱਡੀ ਗਿਣਤੀ ਵਿੱਚ ਉਥੇ ਇਹਨਾਂ ਦੀ ਮਦਦ ਨਾਲ ਪੁਜੇ ਸਨ। ਬੈਂਕਾਕ ਸ਼ਹਿਰ ਵਿੱਚ ਸਿੱਖਾਂ ਦੀ ਵਡੀ ਅਬਾਦੀ ਹੈ ਤੇ ਵਡੀ ਗਿਣਤੀ ਵਿੱਚ ਨਾਮਧਾਰੀ ਪਰੰਪਰਾ ਨਾਲ ਵੀ ਲੋਕ ਜੁੜੇ ਹੋਏ ਹਨ। ਪਰ ਉਸ ਕਾਨਫਰਾਂਸ ਵਿੱਚ ਸਾਰੇ ਸ਼ਹਿਰੀਆਂ ਨੇ ਪੰਜਾਬੀਅਤ ਨੂੰ ਚਮਕਾਉਣ ਵਿਚ ਪੂਰਾ ਹਿੱਸਾ ਪਾਇਆ ਸੀ। ਬੜੀ ਵਧੀਆ ਮਹਿਮਾਨ ਨਵਾਜ਼ੀ ਦਾ ਲੋਕਾਂ ਨੇ ਆਨੰਦ ਮਾਣਿਆ। ਦੂਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰਾਂਸ ਹੰਸਪਾਲ ਜੀ ਦੀ ਹਿੰਮਤ ਨਾਲ ਅਮਰੀਕਾ ਦੇ ਮਲਵਾਕੀ ਸ਼ਹਿਰ ਵਿੱਚ ਹੋਈ। ਹੰਸਪਾਲ ਜੀ ਨੇ ਆਪਣੇ ਰਸੂਖ ਨਾਲ ਏਅਰ ਇੰਡਿਆ ਦੀ ਸਪੇਸ਼ਲ ਫਲਾਈਟ ਦਿੱਲੀ ਤੋਂ ਸ਼ਿਕਾਗੋ ਬੁਕ ਕਰਵਾ ਦਿੱਤੀ ਸੀ। ਪਹਿਲੀ ਵਾਰ

ਭਾਰਤ ਵਿਚੋਂ ਇਤਨੇ ਸਿਰਕਢ ਪੰਜਾਬੀ ਇਸ ਕਾਨਫਰਾਂਸ ਲਈ ਅਮਰੀਕਾ ਪੁਜੇ ਸਨ। ਉਸ ਸਮੇਂ ਦਾ ਹਰ ਉਘਾ ਪੰਜਾਬੀ ਉਸ ਵਿੱਚ ਸ਼ਾਮਲ ਸੀ। ਪੰਜਾਬੀ ਯੂਨੀਵਰਸਟੀ ਪਟਿਆਲਾ ਅਤੇ ਗੁਰੂ ਨਾਨਕ ਯੂਨੀਵਰਸਟੀ ਦੇ ਦੋਵੇਂ ਵਾਈਸ ਚਾਂਸਲਰ ਉਘੇ ਵਿਦਵਾਨ ਡਾ. ਜਸਵੰਤ ਸਿੰਘ ਨੇਕੀ ਪੰਜਾਬ ਕੇਸਰੀ ਦੇ ਐਡੀਟਰ ਅਸ਼ਵਨੀ ਸਿਨ੍ਹਾ ਕਈ ਮੈਂਬਰ ਪਾਰਲੀਮੈਂਟ, ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਦਾ ਅਦੁਤੀ ਇੱਕਠ ਮਲਵਾਕੀ ਵਿੱਚ ਹੋਇਆ ਸੀ। ਮੈਂ ਵੀ ਉਸ ਡੇਲੀਗੇਸ਼ਨ ਵਿੱਚ ਸ਼ਾਮਿਲ ਸੀ ਅਤੇ ਵੇਖਿਆ ਕੇ ਅਮਰੀਕਾ ਦੇ ਉਘੇ ਸਿੱਖ ਦਰਸ਼ਨ ਸਿੰਘ ਧਾਲੀਵਾਲ ਸਵਾਗਤੀ ਕਮੇਟੀ ਦੇ ਪ੍ਰਧਾਨ ਸਨ। ਸਭ ਤੋਂ ਵਡੀ ਕਾਮਯਾਬੀ ਯੋਗੀ ਭਜਨ ਤੇ ਉਸ ਦੇ ਨਾਲ ਚੋਣਵੇ ਅਮਰੀਕਨ ਸਿੱਖਾਂ ਦੀ ਉਥੇ ਹਾਜ਼ਰੀ ਸੀ। ਵਿਸਕਾਸਨ ਯੂਨੀਵਰਸਟੀ ਵਿੱਚ ਉਚੇਚਾ ਸਮਾਗਮ ਕੀਤਾ ਗਿਆ ਜਿਸ ਦੀ ਇਤਿਹਾਸਿਕ ਮਹੱਤਤਾ ਹੈ।

ਮੈਨੂੰ ਯਾਦ ਹੈ ਕਿ 1981 ਵਿੱਚ ਇਕ ਪੰਜਾਬੀ ਕਾਨਫਰਾਂਸ ਫਿਕੀ ਹਾਲ ਨਵੀਂ ਦਿੱਲੀ ਵਿੱਚ ਕਰਵਾਈ ਗਈ ਸੀ। ਇਹ ਡਾ. ਗੋਪਾਲ ਸਿੰਘ ਗਵਰਨਰ ਗੋਆ ਵਿਸ਼ਵਾਨਾਥ ਤਿਵਾਰੀ ਐਮ.ਪੀ. ਅਤੇ ਹੰਸਪਾਲ ਜੀ ਦੀ ਹਿੰਮਤ ਨਾਲ ਕਾਮਯਾਬ ਕੀਤੀ ਗਈ ਸੀ। ਇਸ ਦੀ ਪ੍ਰਧਾਨਗੀ ਗਿਆਨੀ ਜੈਲ ਸਿੰਘ ਹੋਮ ਮਨੀਸਟਰ ਭਾਰਤ ਸਰਕਾਰ ਨੇ ਕੀਤੀ ਸੀ। ਹੰਸਪਾਲ ਜੀ ਦੋ ਵਾਰ ਕਾਂਗਰਸ ਪਾਰਟੀ ਵਲੋ ਪੰਜਾਬ ਤੋਂ ਰਾਜਿਯਾ ਸਭਾ ਮੈਂਬਰ ਬਣੇ ਸਨ। 12 ਸਾਲ ਇਹ ਸੇਵਾ ਕਰਦੇ ਰਹੇ ਅਤੇ ਪੰਜਾਬ ਮਸਲਿਆਂ ਬਾਰੇ ਇਹਨਾਂ ਨੇ ਪੂਰੀ ਵਾਹ ਲਾਈ। ਹਾਲਾਂਕਿ ਉਹ ਸਮਾਂ ਪੰਜਾਬ ਵਿੱਚ ਵੱਡੀ ਗੜਬੜ ਦਾ ਰਿਹਾ ਸੀ। ਹੰਸਪਾਲ ਜੀ ਪੰਡਤ ਪੰਤ ਮਾਰਗ ਦੀ ਕੋਠੀ ਵਿੱਚ ਰਹਿੰਦੇ ਸਨ ਤੇ ਹਮੇਸ਼ਾ ਉਥੇ ਲੋਕਾਂ ਦੀ ਭੀੜ ਨਜ਼ਰ ਆਉਦੀ ਸੀ। ਮੈਨੂੰ ਯਾਦ ਹੈ ਇਸ ਕੋਠੀ ਵਿੱਚ ਇਕ ਸਮਾਗਮ ਹੋਇਆ ਜਿਸ ਵਿੱਚ ਗਿਆਨੀ ਜੈਲ ਸਿੰਘ ਸ਼ਾਮਿਲ ਸਨ ਤੇ ਉਥੇ ਉਘੇ ਪੰਜਾਬੀ ਕਵੀ ਤਾਰਾ ਸਿੰਘ ਕਾਮਿਲ ਨੂੰ ਇਕ ਅੰਮਬੈਸਡਰ ਕਾਰ ਭੇਟ ਕੀਤੀ ਗਈ ਸੀ। ਬੜੀ ਹਾਸੇ ਦੀ ਗਲ ਹੋਈ ਜਦੋਂ ਕਾਮਿਲ ਨੇ ਆਪਣੀ ਧੰਨਵਾਦੀ ਤਕਰੀਰ ਵਿੱਚ ਕਿਹਾ ਕਿ ਕਾਰ ਮਿਲਣੀ ਮੇਰੇ ਗਰੀਬ ਲਈ ਬੜੀ ਪ੍ਰਾਪਤੀ ਹੈ ਪਰ ਇਸ ਦੇ ਵਿੱਚ ਪੈਟਰੋਲ ਕੋਣ ਪਾਵੇਗਾ? ਮੈਂ ਤਾਂ ਇਸ ਜੋਗ੍ਹਾ ਨਹੀਂ ਹਾਂ। ਬੜੀ ਹੱਸੀ ਹੋਈ ਤੇ ਗਿਆਨੀ ਜੀ ਨੇ ਕਿਹਾ ਕਿ ਹੰਸਪਾਲ ਜੀ ਇਹ ਪ੍ਰਬੰਧ ਵੀ ਕਰਵਾ ਦੇਣਗੇ। ਗਿਆਨੀ ਜੈਲ ਸਿੰਘ ਜੀ ਨੇ ਰਾਸ਼ਟਰਪਤੀ ਭਵਨ ਵਿੱਚ ਕੀਰਤਨ ਕਰਵਾਇਆ ਸੀ ਤੇ ਮੁਗਲ ਗਾਰਡਨ ਵਿੱਚ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ। ਮੈਂ ਆਪ ਗਿਆਨੀ ਜੈਲ ਸਿੰਘ ਸਰਦਾਰ ਬੂਟਾ ਸਿੰਘ ਅਤੇ ਹੰਸਪਾਲ ਜੀ ਨੂੰ ਲੰਗਰ ਵੰਡਦਾ ਵੇਖਿਆ ਸੀ। 1998 ਵਿੱਚ ਕੇਪ ਟਾਊਨ (ਦੱਖਣੀ ਅਫਰੀਕਾ) ਵਿੱਚ ਸਾਰੇ ਧਰਮਾਂ ਦਾ ਅਤੰਰਰਾਸ਼ਟਰੀ ਸਮੇਲਨ ਹੋਇਆ ਸੀ। ਸਿੱਖਾਂ ਵਲੋਂ ਯੋਗੀ ਭਜਨ ਬੀਬੀ ਜਗੀਰ ਕੌਰ ਪ੍ਰਧਾਨ ਐਸ. ਜੀ. ਪੀ. ਸੀ. ਅਤੇ ਮੈਂ ਸ਼ਾਮਿਲ ਹੋਏ ਸੀ। ਦਲਾਈ ਲਾਮਾ ਨੇ ਇਸ ਦੀ ਪ੍ਰਧਾਨਗੀ ਕੀਤੀ ਸੀ। ਹੰਸਪਾਲ ਜੀ ਅਤੇ ਜਗਦੀਸ਼ ਸਿੰਘ ਵਰਿਆਮ ਇਕ ਨਾਮਧਾਰੀ ਕੀਰਤਨ ਜਥਾ ਲੈ ਕੇ ਉਥੇ ਪੁਜੇ ਸੀ ਅਤੇ ਇਹਨਾਂ ਨੇ ਇਕ ਸ਼ਾਮ ਨੂੰ ਸਪੇਸ਼ਲ ਕੀਰਤਨ ਦਾ ਪ੍ਰੋਗਰਾਮ ਕਰਵਾਇਆ ਸੀ ਤੇ ਉਥੇ ਯੋਗੀ ਭਜਨ ਨੇ ਅੰਗ੍ਰੇਜ਼ੀ ਵਿੱਚ ਭਾਸ਼ਨ ਦਿੱਤਾ। ਸਾਰੇ ਡੇਲੀਗਟਾਂ ਵਿੱਚ ਇਸ ਪ੍ਰੋਗਰਾਮ ਦੀ ਧਾਂਕ ਪੈ ਗਈ ਸੀ।

ਮੈਨੂੰ ਹੰਸਪਾਲ ਜੀ ਨਾਲ ਅਮਰੀਕਾ ਵਿੱਚ ਮਿਲਣ ਦਾ ਅਵਸਰ ਮਿਲਆ ਹੈ। ਨਿਊਂ ਮੈਕਸੀਕੋ ਸਟੇਟ ਵਿੱਚ ਹਰ ਸਾਲ ਯੋਗੀ ਭਜਨ ਦੇ ਸੰਸਥਾ ਵਲੋਂ ਪਹਾੜਾ ਵਿੱਚ ਇਕ ਕੈਂਪ ਲਗਦਾ ਹੈ ਜਿਸ ਵਿੱਚ 500 ਦੇ ਕਰੀਬ ਅਮਰੀਕਨ ਸਿੱਖ ਸ਼ਾਮਿਲ ਹੋ ਕੇ ਟੇਟਾਂ ਵਿੱਚ ਰਹਿੰਦੇ ਹਨ। 2006 ਵਿੱਚ ਇਸ ਸਲਾਨਾ ਕੈਂਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੰਸਪਾਲ ਜੀ ਉਥੇ ਪੁੱਜੇ ਸਨ ਤੇ ਵਿਸ਼ਵ ਸ਼ਾਂਤੀ ਪਰੇਡ ਵਿੱਚ ਸ਼ਾਮਿਲ ਹੋਏ ਸਨ। ਹੰਸਪਾਲ ਜੀ ਦੀ ਉਸ ਫੇਰੀ ਸਮੇਂ ਮੈਨੂੰ ਉਹਨਾਂ ਦੇ ਨੇੜੇ ਰਹਿਣ ਦਾ ਅਵਸਰ ਮਿਲਿਆ ਸੀ ਜਿਸ ਤੇ ਮੇਰੇ ਤੇ ਬੜਾ ਪ੍ਰਭਾਵ ਪਿਆ ਸੀ। ਇਕ ਵਾਰੀ ਲੰਡਨ ਵਿੱਚ ਨਾਮਧਾਰੀਆਂ ਦੇ ਸਮੂਹਕ ਵਿਆਹ ਦੇ ਸਮਾਗਮ ਵਿਚ ਮੈਂ ਤੇ ਹੰਸਪਾਲ ਜੀ ਇੱਕਠੇ ਸਾਂ, ਉਥੇ ਮੈਂ ਵੇਖਿਆ ਕਿ ਕਿਵੇਂ ਨਾਮਧਾਰੀ ਸੰਗਤਾਂ ਵਿੱਚ ਇਹਨਾਂ ਦਾ ਪੂਰਾ ਸਤਿਕਾਰ ਹੈ। ਹੰਸਪਾਲ ਜੀ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਚੁਣੇ ਗਏ ਤੇ ਬੜੀ ਹਿੰਮਤ ਨਾਲ ਸਾਰੇ ਪੰਜਾਬ ਵਿੱਚ ਆਪਣੇ ਰਸੂਖ ਨਾਲ ਪਾਰਟੀ ਦਾ ਕੰਮ ਕੀਤਾ। ਡਾ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਜੀ ਨੇ ਇਹਨਾਂ ਨੂੰ ਭਾਰਤੀ ਘੱਟ ਗਿਣਤੀ ਕਮੀਸ਼ਨ ਦਾ ਮੈਂਬਰ ਬਣਾ ਦਿੱਤਾ ਸੀ ਤੇ ਤਿੰਨ ਸਾਲ ਲਈ ਸਾਰੇ ਭਾਰਤ ਵਿੱਚ ਸਿੱਖ ਮਸਲਿਆਂ ਵਿੱਚ ਲੋਕਾਂ ਦੀ ਮਦਦ ਕੀਤੀ ਸੀ। ਕਿਉਂ ਜੋ ਮੈਂ ਘੱਟ ਗਿਣਤੀ ਕਮੀਸ਼ਨ ਦਾ ਚੈਅਰਮੇਨ ਰਿਹਾ ਹਾਂ ਇਸਲਈ ਮੈਨੂੰ ਇਹਨਾਂ ਦੇ ਕੀਤੇ ਕੰਮ ਦੀ ਕਦਰ ਹੈ। ਇਹ ਬੜੇ ਮਿੱਠ ਬੋਲੜੇ ਸਨ ਅਤੇ ਨਿਮਰਤਾ ਨਾਲ ਭਰਪੂਰ ਸਨ। ਹਰ ਵੱਡੀ ਪੱਦਵੀ ਤੇ ਰਹਿ ਕੇ ਵੀ ਇਹਨਾਂ ਨੇ ਆਪਣੇ ਸੁਭਾਅ ਨੂੰ ਨਹੀ ਬਦਲੀਆਂ ਇਹਨਾਂ ਨੇ ਦਿੱਲੀ ਰਹਿੰਦੀਆਂ ਹੋਇਆ ਕਦੇ ਵੀ ਆਪਣੇ ਆਪ ਨੂੰ ਗਰੁੱਪਬਾਜ਼ੀ ਵਿੱਚ ਨਹੀ ਪਾਇਆ। ਇਕ

ਵਾਰ ਇਹਨਾਂ ਨੇ ਆਪਣੇ ਇਕ ਸਾਥੀ ਨੂੰ ਦਿੱਲੀ ਗੁਰਦੁਆਰਾ ਕਮੇਟੀ ਦਾ ਜਨਰਲ ਸਕੱਤਰ ਬਣਵਾ ਦਿੱਤਾ ਸੀ। ਮੈਂ ਇਹਨਾਂ ਨਾਲ ਕਈ ਵਾਰੀ ਇਕੱਠਾ ਹੋਇਆ ਅਤੇ ਇਹਨਾਂ ਦੀ ਦੂਰ ਅੰਦੇਸ਼ੀ ਤੋਂ ਪ੍ਰਭਾਵਿਤ ਹੋਇਆ। ਨਾਮਧਾਰੀ ਸੰਸਥਾ ਵਿੱਚ ਰਹਿ ਕੇ ਇਹਨਾਂ ਨੇ ਹਰ ਤਬਕੇ ਨਾਲ ਰਿਸ਼ਤੇ ਜੋੜੇ। ਉਚ ਕੋਟੀ ਦੇ ਕਲਾਕਾਰਾਂ ਅਤੇ ਦੂਜੇ ਧਰਮਾਂ ਦੇ ਲੀਡਰਾਂ ਨੂੰ ਭੈਣੀ ਸਾਹਿਬ ਲਿਆਉਂਦੇ ਸਨ। ਪਰ ਆਪਣੀ ਪਬਲਸਿਟੀ ਨਹੀ ਸੀ ਕਰਵਾਉਂਦੇ।

ਅੱਜ ਉਹਨਾਂ ਦੇ ਜਾਣ ਦਾ ਬਹੁਤ ਘਾਟਾ ਪਿਆ ਹੈ। ਕਿਸੇ ਨੂੰ ਉਮੀਦ ਨਹੀ ਸੀ ਕਿ ਉਹ ਇਤਨੀ ਛੇਤੀ ਸਾਨੂੰ ਛੋੜ ਕੇ ਚਲੇ ਜਾਣਗੇ। ਉਹਨਾਂ ਦੀ ਮਿੱਠੀ ਯਾਦ ਹਮੇਸ਼ਾ ਰਹੇਗੀ।

**ਤਰਲੋਚਨ ਸਿੰਘ, ਸਾਬਕਾ ਐਮ.ਪੀ.**

..................................................

## ਦਿੱਲੀ ਵਿਖੇ ਇਤਿਹਾਸਿਕ ਗੁਰਧਾਮਾਂ ਦੀ ਯਾਤਰਾ

ਸ੍ਰੀ ਸਤਿਗੁਰੂ ਉਦੇ ਸਿੰਘ ਨੇ ਮਿਤੀ 15 ਦਸੰਬਰ 2024 ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ (ਦਿੱਲੀ) ਵਿਖੇ ਆਸਾ ਦੀ ਵਾਰ ਦੌਰਾਨ ਦਰਸ਼ਨ ਦਿੱਤੇ। ਆਸਾ ਦੀ ਵਾਰ ਦਾ ਕੀਰਤਨ ਰਾਗੀ ਇੰਦਰਜੀਤ ਸਿੰਘ, ਅਵਤਾਰ ਸਿੰਘ, ਬਸੰਤ ਸਿੰਘ ਅਤੇ ਤਬਲੇ ਤੇ ਈਸ਼ਰ ਸਿੰਘ, ਰਤਨ ਸਿੰਘ ਸਾਥੀਆਂ ਵਲੋਂ ਕੀਤਾ ਗਿਆ। ਉਪਰੰਤ ਇਕ ਲੜਕੇ ਲੜਕੀ ਦਾ ਆਨੰਦ ਕਾਰਜ ਹੋਇਆ। ਅਰਦਾਸ ਦੀ ਸਮਾਪਤੀ ਤੋ ਬਾਅਦ ਸਤਿਗੁਰੂ ਜੀ ਨੇ ਨਾਮਧਾਰੀ ਕਲੋਨੀ ਵਿਖੇ ਹੀ ਸ. ਲਖਵਿੰਦਰ ਸਿੰਘ ਢੋਡੇਵਾਲ ਦੇ ਘਰ ਪ੍ਰਸ਼ਾਦਾ ਛਕਿਆ।

ਮਿਥੇ ਹੋਏ ਪ੍ਰੋਗਰਾਮ ਅਨੁਸਾਰ ਸ੍ਰੀ ਸਤਿਗੁਰੂ ਜੀ 8 ਵਜੇ ਦੇ ਕਰੀਬ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪਹੁੰਚੇ। ਸ. ਹਰਮੀਤ ਸਿੰਘ ਕਾਲਕਾ (ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਤੇ ਹੋਰ ਕਮੇਟੀ ਮੈਂਬਰ ਅਸ਼ੋਕਾ ਰੋਡ ਵਾਲੇ ਗੇਟ ਤੇ ਉਚੇਚਾ ਸਵਾਗਤ ਲਈ ਆਏ । ਸਤਿਗੁਰੂ ਜੀ ਨੇ ਤਕਰੀਬਨ 8.15 ਵਜੇ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿੱਚ ਪ੍ਰਵੇਸ਼ ਕੀਤਾ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਮੱਥਾ ਟੇਕ ਦੀਵਾਨ ਹਾਲ ਵਿਚ ਸੁਭਾਏਮਾਨ ਹੋਏ। ਰੋਜ਼ਾਨਾ 7.45 ਤੋ 8.30 ਤਕ ਚਲਦੀ ਕਥਾ ਵਿੱਚ ਅੱਜ ਕਥਾਵਾਚਕ ਜਥੇਦਾਰ ਬਲਬੀਰ ਸਿੰਘ ਜੀ ਦਾਦੂਵਾਲ ਸਾਧ ਸੰਗਤ ਨਾਲ ਵਿਚਾਰ ਸਾਂਝੇ ਕਰ ਰਹੇ ਸਨ। ਦਾਦੂਵਾਲ ਜੀ ਨੇ ਸੰਗਰਾਦ ਦੇ ਦਿਹਾੜੇ ਨੂੰ ਮੁੱਖ ਰਖਦਿਆਂ ਬਾਰਾਂਮਾਹ ਵਿੱਚੋ ਪੋਹ ਦੇ ਮਹੀਨੇ ਸਬੰਧਿਤ ਸ਼ਬਦ 'ਪੋਖ ਤੁਖਾਰੁ ਨਾ ਵਿਆਪਈ' ਦੀ ਅਰਥਾਂ ਸਹਿਤ ਵਿਆਖਿਆ ਕੀਤੀ। ਆਪਣੀ ਕਥਾ ਦੀ ਸਮਾਪਤੀ ਤੇ ਉਹਨਾਂ ਨੇ ਨਾਮਧਾਰੀ ਪੰਥ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਆਖਿਆ "ਗ਼ੈਰਤ ਤੇ ਅਣਖ ਨਾਲ ਜਿਉਣ ਦੀ ਜਿਹੜੀ ਕਲਾ ਸਾਡੇ ਗੁਰੂ ਸਾਹਿਬਾਨਾਂ ਨੇ ਸਿਖਾਈ ਸੀ ਉਸ ਉੱਤੇ ਕੂਕੇ ਸਿੱਖਾਂ ਨੇ ਬਾਬਾ ਰਾਮ ਸਿੰਘ ਦੇ ਵਕਤ ਡਟ ਕੇ ਪਹਿਰਾ ਦਿੱਤਾ। ਦੇਸ਼ ਧਰਮ ਕੌਮ ਦੀ ਖਾਤਿਰ ਕੁਰਬਾਨੀਆਂ ਦਿੱਤੀਆਂ। ਜਦੋਂ ਅੰਗਰੇਜ਼ਾਂ ਦੁਆਰਾ ਹਰਿਮੰਦਿਰ ਸਾਹਿਬ ਦੇ ਬਿਲਕੁਲ ਨੇੜੇ ਬੁੱਚੜਖਾਨਾ ਖੋਲਿਆ ਗਿਆ ਸੀ। ਆਕਾਸ਼ ਪੰਛੀ ਮਾਸ ਦੀਆਂ ਬੋਟੀਆਂ ਲਿਆ ਕੇ ਪਵਿੱਤਰ ਸਰੋਵਰ ਵਿੱਚ ਸੁੱਟਦੇ ਸਨ ਉਸ ਵਕਤ ਅੰਗਰੇਜ਼ਾਂ ਨੂੰ ਮੂੰਹ ਤੋੜ ਜਵਾਬ ਨਾਮਧਾਰੀ ਸਿੰਘਾਂ ਨੇ ਦਿੱਤਾ ਸੀ। ਹਰਿਮੰਦਿਰ ਸਾਹਿਬ ਦੀ ਮਰਯਾਦਾ ਕਾਯਮ ਰੱਖਣ ਖਾਤਿਰ ਉਹਨਾਂ ਨੇ ਫਾਂਸੀ ਵਾਲੇ ਰੱਸੇ ਆਪਣੇ ਗਲਾਂ ਵਿਚ ਆਪ ਪਾਏ। ਮਲੇਰਕੋਟਲੇ ਵਿਖੇ 66 ਸਿੰਘ ਤੋਪਾਂ ਨਾਲ ਉਡਾਏ। ਦਾਦੂਵਾਲ ਜੀ ਨੇ ਸ਼ਹੀਦ ਵਰਿਆਮ ਸਿੰਘ ਤੇ 12 ਸਾਲ ਦੇ ਬੱਚੇ ਸ਼ਹੀਦ ਬਿਸ਼ਨ ਸਿੰਘ ਦਾ ਵੀ ਜ਼ਿਕਰ ਕੀਤਾ। ਅਖੀਰ ਵਿੱਚ ਉਹਨਾਂ ਨੇ ਆਖਿਆ ਕਿ ਅੱਜ ਨਾਮਧਾਰੀ ਸੰਪਰਦਾ ਦੇ ਮੌਜੂਦਾ ਮੁਖੀ ਬਾਬਾ ਉਦੇ ਸਿੰਘ ਜੀ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਬਾਰ ਆਏ ਹਨ। ਇਹ ਖੁਸ਼ੀ ਦੇ ਪਲ ਹਨ। ਸਾਨੂੰ ਇਸ ਗੱਲ ਦਾ ਸਵਾਗਤ ਕਰਨਾ ਚਾਹੀਦਾ ਹੈ।

ਕਥਾ ਸਮਾਪਤੀ ਉਪਰੰਤ ਸਤਿਗੁਰੂ ਜੀ ਬੰਗਲਾ ਸਾਹਿਬ ਦੇ ਲੰਗਰ ਹਾਲ ਪਹੁੰਚੇ ਜਿੱਥੇ ਆਧੁਨਿਕ ਤਰੀਕੇ ਤਹਿਤ ਸੋਲਰ ਸਿਸਟਮ ਦੀ ਵਰਤੋਂ ਕਰਕੇ ਸਾਰਾ ਲੰਗਰ ਤਿਆਰ ਕੀਤਾ ਜਾਂਦਾ ਹੈ। ਕਾਲਕਾ ਜੀ ਨੇ ਦੱਸਿਆ ਕੀ ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਖਾਣ ਦੇ ਪ੍ਰਬੰਧ ਨੂੰ ਲੈਕੇ ਸਰਕਾਰ ਨੇ ਵੀ ਹਾਰ ਮੰਨ ਲਈ ਸੀ ਉਸ ਸਮੇਂ ਡੇਢ ਲੱਖ ਤੋਂ ਵਧ ਬੰਦਿਆਂ ਦਾ ਲੰਗਰ ਰੋਜ਼ਾਨਾਂ ਏਥੇ ਬਣਾ ਕੇ ਵਰਤਾਇਆ ਜਾਂਦਾ ਸੀ। ਉਪਰੰਤ ਦਿੱਲੀ ਫਤਹਿ ਕਰਨ ਵਾਲੇ ਬਾਬਾ ਬਘੇਲ ਸਿੰਘ ਦੇ ਨਾਮ ਤੇ ਬਣੇ ਮਿਊਜ਼ੀਅਮ ਚ ਲੱਗੀਆਂ ਕਈ ਤਰ੍ਹਾਂ ਦੀਆਂ ਕਲਾ ਕ੍ਰਿਤੀਆਂ ਨੂੰ ਨਿਹਾਰਿਆ। ਗੁਰਦੁਆਰਾ ਮੈਨੇਜਰ ਦੇ ਦਫਤਰ ਵਿਚ ਛੋਟੀ ਜਿਹੀ ਬੈਠਕ ਹੋਈ। ਜਿਸ ਵਿਚ ਪ੍ਰਧਾਨ ਹਰਮੀਤ ਸਿੰਘ ਕਾਲਕਾ, ਬਾਬਾ ਬਲਜੀਤ ਸਿੰਘ ਦਾਦੂਵਾਲ, ਮੈਂਬਰ ਸ.ਗੁਰਦੇਵ ਸਿੰਘ ਤੇ ਰਮਿੰਦਰ ਸਿੰਘ ਸਵੀਟਾ, ਸ.ਗੁਰਭੇਜ ਸਿੰਘ ਗੁਰਾਇਆ, ਸ. ਜਸਵੰਤ ਸਿੰਘ

ਇਤਿਆਦ ਨੇ ਸਿੱਖਾਂ ਦੇ ਕਈ ਮਸਲਿਆਂ ਸੰਬੰਧੀ ਵਿਚਾਰਾਂ ਕੀਤੀਆਂ।

9.30 ਵਜੇ ਸ੍ਰੀ ਸਤਿਗੁਰੂ ਜੀ ਗੁਰਦੁਆਰਾ ਰਕਾਬ ਗੰਜ ਸਾਹਿਬ ਪਹੁੰਚੇ। ਇਸ ਅਸਥਾਨ ਤੇ ਸ੍ਰੀ ਸਤਿਗੁਰੂ ਤੇਗ ਬਹਾਦੁਰ ਜੀ ਦੇ ਸਰੀਰ (ਧੜ) ਦਾ ਸਸਕਾਰ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਅੰਦਰ ਬਣੇ ਹੋਏ ਕਮਰੇ ਨੁਮਾ ਅਸਥਾਨ ਉਪਰ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਅਤੇ ਹੇਠਾਂ ਸਮਾਧ ਬਣਾ ਕੇ ਅਖੰਡ ਜੋਤ ਪ੍ਰਜਵਲਿਤ ਕੀਤੀ ਹੋਈ ਹੈ। ਗੁਰਬਾਣੀ ਦੀਆਂ ਪਾਵਨ ਸਰੂਪਾਂ ਦੀ ਛਪਾਈ ਦਾ ਕਾਰਜ ਵੀ ਏਥੇ ਹੀ ਕੀਤਾ ਜਾਂਦਾ ਹੈ। ਗੁਰਦੁਆਰਾ ਰਕਾਬ ਗੰਜ ਵਿਖੇ ਹੀ ਦਿੱਲੀ ਕਮੇਟੀ ਦਾ ਮੁੱਖ ਦਫਤਰ ਹੈ।

ਗੁਰਦੁਆਰਾ ਸਾਹਿਬ ਮੱਥਾ ਟੇਕ ਸਤਿਗੁਰੂ ਜੀ ਦਿੱਲੀ ਦੇ ਮਹਿਰੋਲੀ ਇਲਾਕੇ ਚ ਬਾਬਾ ਵਿਰਸਾ ਸਿੰਘ ਜੀ ਦੁਆਰਾ ਇਕ ਆਸ਼ਰਮ ਵਾਂਗੂੰ ਬਣਾਏ ਗਏ 'ਗੋਬਿੰਦ ਸਦਨ' ਨਾਮ ਦੇ ਅਸਥਾਨ ਤੇ ਦਰਸ਼ਨ ਦਿੱਤੇ। ਵਡੀ ਗਿਣਤੀ ਵਿਚ ਨਾਮਧਾਰੀ ਸੰਗਤ ਪਹਿਲਾਂ ਹੀ ਉਡੀਕ ਵਿਚ ਖੜੀ ਹੋਈ ਸੀ। ਡੇਰੇ ਦੇ ਮੁੱਖ ਸੰਚਾਲਕ ਬਾਬਾ ਹਰਦੀਪ ਸਿੰਘ ਜੀ ਅਤੇ ਟਰਸਟੀ ਮੈਂਬਰ ਸਾਹਿਬਾਨਾਂ ਨੇ ਬੜੇ ਅਦਬ ਨਾਲ ਸਤਿਗੁਰੂ ਜੀ ਦੇ ਗਲ਼ ਵਿਚ ਹਾਰ ਪਾਕੇ ਸਵਾਗਤ ਕੀਤਾ। ਇਸ ਅਸਥਾਨ ਤੇ 1967 ਤੋ ਨਿਰੰਤਰ ਹਵਨ ਕੀਤਾ ਜਾ ਰਿਹਾ ਹੈ। 24 ਘੰਟੇ ਦਸਮ ਬਾਣੀ ਚੋ ਜਾਪ ਸਾਹਿਬ ਜਾਂ ਚੰਡੀ ਦੀ ਵਾਰ ਦੇ ਪਾਠ ਕੀਤੇ ਜਾਂਦੇ ਹਨ। ਸਤਿਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਮਹਾਰਾਜ ਜੀ ਦਾ ਅਸਥਾਨ ਵੀ ਕਾਯਮ ਹੈ। ਪ੍ਰਚਲਿਤ ਕਥਾ ਅਨੁਸਾਰ ਬਾਬਾ ਵਿਰਸਾ ਸਿੰਘ ਜੀ ਨੂੰ ਇਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਸਨ। ਇਸ ਕਰਕੇ ਇਸਦਾ ਨਾਮ ਗੋਬਿੰਦ ਸਦਨ ਰਖਿਆ ਗਿਆ। ਜਦੋਂ ਕਦੀ ਦਸਮ ਬਾਣੀ ਦੇ ਵਿਰੋਧੀ ਕਾਫੀ ਜਿਆਦਾ ਕੂੜ ਪ੍ਰਚਾਰ ਕਰਨ ਲਗ ਪਏ ਸਨ ਉਸ ਵਕਤ ਬਾਬਾ ਵਿਰਸਾ ਸਿੰਘ ਜੀ ਨੇ ਦਸਮ ਬਾਣੀ ਦਾ ਟੀਕਾ ਡ. ਰਤਨ ਸਿੰਘ ਜੱਗੀ ਕੋਲੋ ਕਰਵਾਇਆ। ਬਾਬਾ ਜੀ ਨੇ 9 ਯੂਰਪੀਅਨ ਭਾਸ਼ਾਵਾਂ ਵਿਚ ਜਾਪ ਸਾਹਿਬ ਦਾ ਉਲਥਾ ਕਰਵਾਇਆ। ਬਹੁਤ ਸਾਰੇ ਰੂਸੀ ਅੱਜ ਵੀ ਗੋਬਿੰਦ ਸਦਨ ਆਉਂਦੇ ਹਨ ਤੇ ਹਵਨ ਯਗ ਵਿਚ ਬਾਣੀ ਪੜ੍ਹਦੇ ਹਨ।

ਬਾਬਾ ਹਰਦੀਪ ਸਿੰਘ ਜੀ ਨੇ ਦੱਸਿਆ ਬਾਬਾ ਵਿਰਸਾ ਸਿੰਘ ਜੀ ਨੇ ਏਥੇ ਇਕ ਮਸਜਿਦ ਵੀ ਬਣਵਾਈ ਜਿੱਥੇ ਹਰ ਰੋਜ਼ 1000 ਦੇ ਕਰੀਬ ਮੁਸਲਮਾਨ ਨਮਾਜ਼ ਅਦਾ ਕਰਦੇ ਹਨ। ਇਕ ਓਪਨ ਚਰਚ ਵੀ ਬਣਵਾਈ ਜਿਸ ਵਿਚ ਕ੍ਰਿਸ਼ਚਨ ਪ੍ਰੰਪਰਾਵਾਂ ਨੂੰ ਮੰਨਿਆ ਤੇ ਮਨਾਇਆ ਜਾਂਦਾ ਹੈ। ਇਸੀ ਕੰਮਪਲੈਸ ਵਿਚ ਹਿੰਦੂ ਧਰਮ ਵੱਖ ਵੱਖ ਦੇਵੀ ਦੇਵਤਿਆਂ ਦੇ 9 ਦੇ ਕਰੀਬ ਮੰਦਿਰ ਵੀ ਬਣਾਏ ਗਏ ਜਿੱਥੇ ਹਰ ਤਿਉਹਾਰ ਮਨਾਇਆ ਜਾਂਦਾ ਹੈ। ਖਾਸ ਧਿਆਨ ਯੋਗ ਹੈ ਕਿ ਏਥੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਨਾਲ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ ਵੀ ਪ੍ਰਕਾਸ਼ ਹੁੰਦਾ ਹੈ। ਸਤਿਗੁਰੂ ਜੀ ਵਲੋਂ ਇਸ ਮਰਯਾਦਾ ਦੀ ਪ੍ਰਸੰਸਾ ਕੀਤੀ ਗਈ।

ਡਾਕਟਰ ਜੌਲੀ (ਪ੍ਰਿੰਸਿਪਲ) ਨੇ ਬੋਲਦਿਆਂ ਨਾਮਧਾਰੀ ਪੰਥ ਦੀਆਂ ਕੁਰਬਾਨੀਆਂ ਤੇ ਸਤਿਗੁਰੂ ਰਾਮ ਜੀ ਨੂੰ ਯਾਦ ਕੀਤਾ। ਉਹਨਾਂ ਨੇ ਦੱਸਿਆ ਕਿ ਕਿਸਤਰਾਂ ਸਤਿਗੁਰੂ ਜਗਜੀਤ ਸਿੰਘ ਜੀ ਇਸਨੂੰ ਆਪਣੀ ਨੇੜਤਾ ਦਾ ਮਾਨ ਬਖਸ਼ਿਆ।

ਸ੍ਰੀ ਸਤਿਗੁਰੂ ਜੀ ਨੇ ਬਾਬਾ ਹਰਦੀਪ ਸਿੰਘ ਜੀ ਨੂੰ ਨਾਮਧਾਰੀ ਦਰਬਾਰ ਵੱਲੋਂ ਛਪੀਆਂ ਦਸਮ ਬਾਣੀ ਦੀਆਂ ਸੈਂਚੀਆਂ ਅਤੇ ਨਾਮਧਾਰੀ ਇਤਿਹਾਸ ਸੰਬੰਧੀ ਕੁੱਝ ਪੁਸਤਕਾਂ ਭੇਟ ਕੀਤੀਆਂ ਗਈਆਂ। ਸਾਰੀ ਸਾਧ ਸੰਗਤ ਨੂੰ ਜਲ ਪਾਣੀ ਤੇ ਲੰਗਰ ਛਕਾਇਆ ਗਿਆ। ਸ੍ਰੀ ਸਤਿਗੁਰੂ ਜੀ ਸਮੂਹ ਸੰਗਤ ਨੂੰ ਖੁਸ਼ੀਆਂ ਬਖਸ਼ਦੇ ਹੋਏ 12.30 ਵਜੇ ਏਅਰਪੋਰਟ ਨੂੰ ਰਵਾਨਾ ਹੋਏ।

**ਨਿਸ਼ਾਨ ਸਿੰਘ ਦਿੱਲੀ**

## 59 ਵਾਂ ਵਾਰਸ਼ਿਕ ਸੰਮੇਲਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕਿਰਪਾ ਸਦਕਾ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ ਸਾਲਾਨਾ ਸੰਮੇਲਨ 26/27/28/29 ਦਿਸੰਬਰ 2024 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਪੂਰਨ ਹੋਇਆ। 25 ਦਿਸੰਬਰ ਰਾਤ ਤਕ ਲਗਪਭਗ 500 ਦੇ ਕਰੀਬ ਨੌਜਵਾਨ ਲੜਕੇ ਤੇ ਲੜਕੀਆਂ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਰਜਿਸਟਰੇਸ਼ਨ ਕਰਵਾ ਚੁੱਕੇ ਸਨ। ਆਉਣ ਵਾਲੇ ਦਿਨਾਂ ਵਿਚ ਬੱਚਿਆਂ ਦੀ ਗਿਣਤੀ 800 ਤੋ ਵੱਧ ਪਹੁੰਚੀ। ਬੱਚਿਆਂ ਦੇ ਨਾਲ ਮਾਤਾ ਪਿਤਾ ਜਾਂ ਇਲਾਕਿਆਂ ਦੇ ਪ੍ਰਬੰਧਕਾਂ ਨੇ ਵੀ ਸ਼ਮੂਲੀਅਤ ਕੀਤੀ। ਰਜਿਸਟਰੇਸ਼ਨ ਕਰਵਾਉਣ ਵਾਲੇ 5 ਤੋ 30 ਸਾਲ ਤਕ ਦੇ ਹਰ ਬੱਚੇ ਤੇ ਨੌਜਵਾਨ ਨੂੰ ਸਵਾਗਤੀ ਕੰਬਲ ਦਿੱਤਾ ਗਿਆ। ਏਨਾ ਦਿਨਾਂ ਵਿਚ ਠੰਡ ਵੀ ਸਿਖਰ ਤੇ ਸੀ ਪਰ ਬੱਚਿਆਂ ਦੇ ਉਤਸ਼ਾਹ ਅੱਗੇ ਠੰਡ ਦਾ ਜੋਰ ਢਿੱਲਾ ਪੈਂਦਾ ਨਜ਼ਰ ਆਇਆ।

ਇਕ ਦਿਨ ਪੂਰਾ ਬਾਰਿਸ਼ ਹੋਣ ਦੇ ਬਾਵਜੂਦ ਵੀ ਸਾਰੀਆਂ ਪ੍ਰਤੀਯੋਗਤਾਵਾਂ ਸਮਾਂ ਸਾਰਨੀ ਅਨੁਸਾਰ ਹੀ ਪੂਰੀਆਂ ਕੀਤੀਆਂ ਗਈਆਂ।

ਰੋਜ਼ਾਨਾ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਪ੍ਰਤਾਪ ਮੰਦਿਰ ਵਿਖੇ 5 ਤੋ 7 ਵਜੇ ਤਕ ਹੁੰਦਾ ਰਿਹਾ। ਵਾਰ ਦੀ ਸਮਾਪਤੀ ਤੋਂ ਬਾਅਦ ਰੋਜ਼ਾਨਾ ਅੱਧੇ ਘੰਟੇ ਲਈ ਕ੍ਰਮਵਾਰ ਹਜ਼ੂਰੀ ਬੁਲਾਰੇ ਗੁਰਲਾਲ ਸਿੰਘ, ਸੰਤ ਨਿਸ਼ਾਨ ਸਿੰਘ, ਸੰਤ ਗੁਰੂਬਚਨ ਸਿੰਘ ਤੇ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਸਕਾਰਾਤਮਕ ਸੋਚ, ਧਰਮ ਤੇ ਸਿੱਖੀ ਸਿਧਾਂਤ ਜੈਸੇ ਵਿਸ਼ਿਆਂ ਸਬੰਧੀ ਆਪਣੇ ਵਿਚਾਰਾਂ ਨਾਲ ਬੱਚਿਆਂ ਦੇ ਗਿਆਨ ਵਿਚ ਵਾਧਾ ਕੀਤਾ। ਰੋਜ਼ਾਨਾ ਅੱਧੇ ਘੰਟੇ ਲਈ ਸਾਬਕਾ ਸੇਵਕ ਦੀਦਾਰ ਸਿੰਘ ਜੀ ਯੋਗ ਕਰਵਾਉਂਦੇ ਰਹੇ। ਇਹ ਧਿਆਨ ਲਾਉਣ ਦੀ ਵਿਧੀ ਵੀ ਹੈ ਅਤੇ ਇਕਾਗਰਤਾ ਵਧਾਉਣ ਵਿਚ ਵੀ ਲਾਹੇਵੰਦ ਹੁੰਦੀ ਹੈ। ਇਸ ਪ੍ਰਕਿਰਿਆ ਨਾਲ ਅਸੀ ਆਪਣੇ ਮਨ ’ਚੋ ਨਿਰੰਤਰ ਉਠਦੇ ਫੁਰਨਿਆਂ ਉਤੇ ਨਿਯੰਤਰਣ ਕਰਨ ਦਾ ਯਤਨ ਕਰ ਸਕਦੇ ਹਾਂ। ਸੰਮੇਲਨ ਦੌਰਾਨ ਹੇਠ ਲਿਖੀਆਂ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ।

5 ਤੋ 8 ਸਾਲ ਲਈ ਅਰਦਾਸ ਪਾਤਸ਼ਾਹੀ ੧੨ ਤੇ ਪ੍ਰਸ਼ਾਦਾ ਛਕਣ ਉਪਰੰਤ,ਨਾਮ ਸਿਮਰਨ,ਚਿੱਤਰਕਾਰੀ,ਸਿੱਖ ਇਤਿਹਾਸ ਸਬੰਧੀ ਸਵਾਲ ਜਵਾਬ, ਸ਼ੁੱਧ ਗੁਰਬਾਣੀ। 9 ਤੋ 13 ਸਾਲ ਲਈ ਭਾਸ਼ਣ, ਲਿਖਤੀ ਇਤਿਹਾਸਿਕ, ਸ਼ੁੱਧ ਗੁਰਬਾਣੀ, ਰਹਿਤਨਾਮਾ (ਜ਼ੁਬਾਨੀ), ਚਿੱਤਰਕਾਰੀ। 13 ਤੋ 30 ਸਾਲ ਲਈ ਭਾਸ਼ਣ, ਦੀਵਾਨ, ਕੁਇਜ਼, ਸ਼ੁੱਧ ਗੁਰਬਾਣੀ, ਫੋਟੋਗ੍ਰਾਫੀ। ਇਸ ਤੋਂ ਇਲਾਵਾ ਸਾਰੇ ਵਰਗਾਂ ਦੀਆਂ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਗਏ। ਜਿਸ ਵਿਚ ਰੇਸ, ਡੱਡੂ ਦੌੜ, ਰਿਲੇਅ ਰੇਸ, ਸਕਿਪਿੰਗ ਰੇਸ, ਰੱਸਾ ਕਸੀ ਦੌਰਾਨ ਬੱਚਿਆਂ ਨੇ ਆਪਣੀ ਤਾਕਤ ਦੇ ਜੌਹਰ ਦਿਖਾਏ। ਇਸ ਵਾਰ ਪ੍ਰਤੀਯੋਗਤਾਵਾਂ ਤੋ ਇਲਾਵਾ ਸਿਖਲਾਈ ਨੂੰ ਮੁੱਖ ਰਖਦਿਆਂ ਪਹਿਲੀ ਵਾਰ ਕੁਝ ਖਾਸ ਵਰਕਸ਼ਾਪ ਤੇ ਈਵੈਂਟ ਕਰਵਾਏ ਗਏ।

- ਸ੍ਰੀ ਭੈਣੀ ਸਾਹਿਬ ਦਾ ਗਾਈਡ ਟੂਰ ਸੀ ਜਿਸ ਵਿੱਚ ਰਾਮਸਰ ਅਤੇ ਲੰਗਰ ਕੰਪਲੈਕਸ ਦੀਆਂ ਇਤਿਹਾਸਕ ਥਾਵਾਂ ਸਬੰਧੀ ਜਾਣਕਾਰੀ ਗੁਰਲਾਲ ਸਿੰਘ ਤੇ ਗੁਰਪ੍ਰੀਤ ਸਿੰਘ ਦੁਆਰਾ ਦਿੱਤੀ ਗਈ। ਇਸ ਟੂਰ ਨੂੰ ਬਚਿਆ ਨੇ ਬਹੁਤ ਸਲਾਹਿਆ।

- ਨਾਮਧਾਰੀ ਸੋਧ ਮਰਯਾਦਾ ਸਬੰਧੀ ਵਿਸ਼ੇਸ਼ ਗਲ ਬਾਤ ਤੇ ਖਾਣ ਪੀਣ ਵਾਲੇ ਪਦਾਰਥਾਂ ਬਾਰੇ ਕਈ ਸ਼ੰਕੇ ਸਮਾਧਾਨ ਸੇਵਕ ਹਰਪਾਲ ਸਿੰਘ ਤੇ ਹਰਪਾਲ ਸਿੰਘ ਸੋਧੀ ਵਲੋਂ ਕੀਤੇ ਗਏ।

- ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵੱਲੋਂ ਉਚੇਚਾ ਮਾਹਿਰ ਡਾਕਟਰਾਂ ਨੇ ਲੈਕਚਰ ਦਿੱਤੇ ਅਤੇ ਸੈਂਕੜੇ ਨੌਜਵਾਨਾਂ ਦੇ ਐਡੀਸਿਨ ਅਤੇ ਪੋਸ਼ਟਿਕ ਅਹਾਰ ਦਾ ਗਿਆਨ ਦਿੱਤਾ।

Curear Coulding ਵੀ ਚਲਦੀ ਰਹੀ ਜਿਸ ਵਿਚ ਸ. ਤਜਿੰਦਰਪਾਲ ਸਿੰਘ ਗੁਲਾਟੀ ਆਪਣੀਆਂ ਸੇਵਾਵਾਂ ਦਿੰਦੇ ਰਹੇ।

Mind rehabil atation games- ਦਾ ਸੈਸ਼ਨ ਆਸਾ ਸਿੰਘ ਲੁਧਿਆਣਾ ਵਲੋਂ ਲਿਆ ਗਿਆ। ਜਿਸਨੂੰ ਬੱਚਿਆਂ ਨੇ ਬਹੁਤ ਪਸੰਦ ਕੀਤਾ।

ਸੰਮੇਲਨ ਦੌਰਾਨ ਆਏ ਹੋਏ ਵਿਸ਼ੇਸ਼ ਮਾਹਿਰਾਂ ਤੇ ਜੱਜ ਸਾਹਿਬਾਨ ਦਾ ਸਨਮਾਨ ਪੂਜਯ ਮਾਤਾ ਗੁਰਸ਼ਰਨ ਕੌਰ ਜੀ ਵਲੋਂ ਕੀਤਾ ਗਿਆ। ਲਗਭਗ ਹਰ ਵਰਕਸ਼ਾਪ ਵਿਚ ਮਾਤਾ ਜੀ ਦਰਸ਼ਨ ਦਿੰਦੇ ਰਹੇ। ਸੰਮੇਲਨ ਦੌਰਾਨ ਹਰ ਤਰ੍ਹਾਂ ਦੀ ਜ਼ਰੂਰਤ ਨੂੰ ਮਾਤਾ ਜੀ ਬੜੇ ਖਿੜੇ ਮੱਥੇ ਪੂਰਿਆਂ ਕਰਦੇ ਰਹੇ। ਮਾਤਾ ਜੀ ਤੇ ਬੀਬੀ ਜੀਵਨ ਕੌਰ ਜੀ ਨੇ 5 ਤੋ 13 ਸਾਲ ਤਕ ਦੇ ਬੱਚਿਆਂ ਨੂੰ ਇਨਾਮ ਵੰਡਣ ਦੀ ਵੀ ਕਿਰਪਾ ਕੀਤੀ।

-ਸਤਿਗੁਰੂ ਜੀ ਨਾਲ 27 ਦਿਸੰਬਰ ਨੂੰ ਸ਼ਾਮ ਨੂੰ ਹਰੀ ਮੰਦਰ ਵਿਖੇ 14 ਤੋ 30 ਸਾਲ ਦੇ ਬੱਚਿਆਂ ਦੀ ਬੈਠਕ ਹੋਈ। ਲਗਪਗ ਇਕ ਘੰਟਾ ਚਲੀ ਇਸ ਇਕੱਤਰਤਾ ਦੌਰਾਨ ਨੌਜਵਾਨ ਨੇ ਆਪਣੇ ਮਨ ਦੇ ਭਾਵਾਂ ਨੂੰ ਸਤਿਗੁਰੂ ਜੀ ਨਾਲ ਸਾਂਝਿਆਂ ਕੀਤਾ। ਸਤਿਗੁਰੂ ਜੀ ਨੇ ਕਿਰਪਾ ਕਰਕੇ ਗੁਰਬਾਣੀ, ਸਿੱਖੀ ਸਿਧਾਂਤ ਤੇ ਇਤਿਹਾਸਕ ਪਖਾਂ ਸਬੰਧੀ ਬੱਚਿਆਂ ਦੇ ਕਈ ਸ਼ੰਕਿਆਂ ਦੇ ਸਮਾਧਾਨ ਕੀਤੇ। ਅਗਲੀ ਸ਼ਾਮ 28 ਦਿਸੰਬਰ ਨੂੰ ਇਕ ਬੈਠਕ ਸੰਗੀਤ ਹਾਲ ਵਿਚ 20 ਤੋ 30 ਸਾਲ ਦੇ ਬੱਚਿਆਂ ਦੀ ਹੋਈ। ਜਿਸ ਦਾ ਵਿਸ਼ਾ ਵਿਆਹਾਂ ਸੰਬੰਧੀ ਮਸਲਿਆਂ ਤੇ ਚਰਚਾ ਕਰਨਾ ਸੀ। ਅਜੋਕੇ ਸਮੇਂ ਵਿਚ ਵਿਆਹ ਇਕ ਗੁੰਝਲਦਾਰ ਬੁਝਾਰਤ ਵਾਂਗੂੰ ਬਣਦਾ ਜਾ ਰਿਹਾ ਹੈ। ਸਮਾਜ ਵਿਚ ਤਲਾਕਸ਼ੁਦਾ ਜੋੜਿਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਇਸ ਬਾਰੇ ਬੱਚਿਆਂ ਨੇ ਵੀ ਆਪਣੇ ਵਿਚਾਰ ਦਸੇ। ਸਤਿਗੁਰੂ ਜੀ ਨੇ ਲਗਭਗ ਹਰ ਵਿਚਾਰ ਲੋੜੀਂਦਾ ਸੰਸ਼ੋਧਨ ਕਰਕੇ ਮਾਰਗ ਦਰਸ਼ਨ ਕੀਤਾ। ਹਰ ਬੱਚੇ ਲਈ ਇਹ ਦੋਨੋਂ ਸੈਸ਼ਨ ਯਾਦਗਾਰੀ ਹੋ ਨਿਬੜੇ।

ਗੋਲ ਮੰਦਿਰ ਦੇ ਪਿਛਲੇ ਪਾਸੇ ਵਿਦਿਅਕ ਸੰਮੇਲਨ ਵਾਲੇ ਬੱਚਿਆਂ ਲਈ ਲੰਗਰ ਦਾ ਪ੍ਰਬੰਧ ਗੁਰਪ੍ਰੀਤ ਸਿੰਘ ਤੇ ਸ੍ਰੀ

ਭੈਣੀ ਸਾਹਿਬ ਦੇ ਜਥੇ ਵਲੋਂ ਕੀਤਾ ਗਿਆ ਸੀ। ਸਮਾਂ ਸਾਰਨੀ ਅਨੁਸਾਰ ਦਿਨ ਵਿਚ 3 ਵਾਰੀ 2-2 ਘੰਟੇ ਲਈ ਲੰਗਰ ਵਰਤਦਾ ਸੀ। ਲੰਗਰ ਵਿਚ ਰੋਜ਼ਾਨਾ ਫਰੂਟ, ਡਰਾਈ ਫਰੂਟ, ਦੁੱਧ, ਪਕੌੜੇ, ਜਲੇਬੀਆਂ, ਬੂੰਦੀ, ਵੇਸਣ ਇਤਿਆਦ ਪਦਾਰਥ ਬਣਾ ਕੇ ਵਰਤਾਏ ਗਏ। ਲੰਗਰ ਵਰਤਾਉਣ ਦੀ ਸੇਵਾ ਵਖ ਵੱਖ ਜਥਿਆਂ ਵਲੋਂ ਨਿਭਾਈ ਜਾਂਦੀ ਰਹੀ।

ਬੀਬੀਆਂ ਦੇ ਰਹਿਣ ਸਹਿਣ ਦਾ ਪ੍ਰਬੰਧ ਦਿੱਲੀ ਕਲੋਨੀ ਵਿਖੇ ਪਿਆਰਾ ਸਿੰਘ ਤੇ ਭਾਈਆਂ ਦੇ ਰਹਿਣ ਦਾ ਪ੍ਰਬੰਧ ਪ੍ਰਤਾਪ ਮੰਦਰ ਵਿਖੇ ਸੂਬਾ ਹਰਜੀਤ ਸਿੰਘ ਵਲੋਂ ਕੀਤਾ ਗਿਆ। ਆਖ਼ਰੀ ਦਿਨ 29 ਦਿਸੰਬਰ ਨੂੰ ਸਤਿਗੁਰੂ ਜੀ ਨੇ ਕਿਰਪਾ ਕਰਕੇ 14 ਤੋ 30 ਸਾਲ ਵਾਲੇ ਜੇਤੂ ਬੱਚਿਆਂ ਨੂੰ ਇਨਾਮ ਵੰਡਣ ਦੀ ਕਿਰਪਾ ਕੀਤੀ। ਸਤਿਗੁਰੂ ਜੀ ਦੀ ਨੇੜਤਾ ਹਾਸਲ ਹੋਣਾ ਹਰ ਬੱਚੇ ਲਈ ਇਨਾਮ ਪ੍ਰਾਪਤੀ ਨਾਲੋਂ ਵੀ ਵੱਡੀ ਖੁਸ਼ੀ ਸੀ। ਹਰ ਸਾਲ ਦੀ ਤਰਾਂ ਕੁਝ ਵਿਸ਼ੇਸ਼ ਸਨਮਾਨ ਦਿੱਤੇ ਗਏ।

- ਸਰਵੋਤਮ ਸਿਖਿਆਰਥੀ (ਲੜਕੀਆਂ) - ਇੰਦਰਪ੍ਰੀਤ ਕੌਰ ਪਿੰਡ ਬਜੀਦਪੁਰ (ਦੋਆਬਾ ਜ਼ੋਨ)
- ਸਰਵੋਤਮ ਸਿਖਿਆਰਥੀ (ਲੜਕੇ) - ਤੇਜਾ ਸਿੰਘ ਪਿੰਡ ਕਪੂਰਥਲਾ (ਅਜਕਲ ਸ੍ਰੀ ਭੈਣੀ ਸਾਹਿਬ)
- ਸਰਵੋਤਮ ਅਨੁਸ਼ਾਸ਼ਿਤ ਜੱਥਾ (ਲੜਕੀਆਂ) - ਸ੍ਰੀ ਗੁਰੂ ਹਰੀ ਸਿੰਘ ਵਿਦਿਆਲਾ ਸ੍ਰੀ ਜੀਵਨ ਨਗਰ
- ਸਰਵੋਤਮ ਅਨੁਸ਼ਾਸ਼ਿਤ ਜੱਥਾ (ਲੜਕੇ) - ਵਿਦਿਅਕ ਜੱਥਾ ਜਲੰਧਰ ਸ਼ਹਿਰ (ਦੋਆਬਾ ਜ਼ੋਨ)
- ਸਰਵੋਤਮ ਜੱਥਾ - ਵਿਦਿਅਕ ਜੱਥਾ ਲੁਧਿਆਣਾ ਸ਼ਹਿਰ

ਇਨਾਮ ਵੰਡ ਉਪਰੰਤ ਸਤਿਗੁਰੂ ਜੀ ਨੇ ਬੱਚਿਆਂ ਨੂੰ ਪਵਿੱਤਰ ਉਪਦੇਸ਼ ਦਿੱਤਾ "ਜਿਸਤਰਾਂ ਤੁਹਾਨੂੰ ਸੰਮੇਲਨ ਦੌਰਾਨ ਸਰਵੋਤਮ ਸਿਖਿਆਰਥੀ ਜਾਂ ਜੱਥਾ ਚੁਣਿਆ ਗਿਆ ਹੈ ਇਸੀ ਤਰਾਂ ਤੁਸੀ ਸਕੂਲ ਤੇ ਕਾਲਜ ਵਿੱਚ ਇਸ ਢੰਗ ਨਾਲ ਵਿਚਰੋ ਕਿ ਉਥੇ ਵੀ ਸਾਰੇ ਇਹੀ ਆਖਣ ਕੀ ਇਹ ਨਾਮਧਾਰੀ ਹੈ ਇਹੀ ਸਭ ਤੋਂ ਚੰਗਾ ਹੈ। ਤੁਸੀਂ ਸੱਚ ਬੋਲੋ, ਇਨਾਮਦਾਰ ਬਣੋ, ਧੋਖਾ ਨਾ ਕਿਸੇ ਨਾਲ ਕਰੋ। ਚੰਗੇ ਇਨਸਾਨ ਬਣੋ ਕਿਉਕਿ ਇਨਸਾਨੀਅਤ ਤੋ ਬਿਨਾ ਧਾਰਮਿਕ ਨਹੀਂ ਹੋਇਆ ਜਾ ਸਕਦਾ। ਤੁਸੀਂ ਧਿਆਨ ਰੱਖੋ ਕਿ ਸਾਡਾ ਕੋਈ ਵੀ ਨਾਮਧਾਰੀ ਬੱਚਾ ਪੈਸਿਆਂ ਦੀ ਕਮੀ ਕਰਕੇ ਪੜ੍ਹਾਈ ਨਾ ਛੱਡੇ। ਜਿੱਥੇ ਕਿਸੇ ਨੂੰ ਵੀ ਲੋੜ ਹੈ ਤੁਸੀ ਬੇਝਿਜਕ ਪ੍ਰਬੰਧਕਾਂ ਨੂੰ ਦੱਸੋ।" ਸਤਿਗੁਰੂ ਜੀ ਨੇ ਸਾਰਿਆਂ ਨੂੰ ਖੁਸ਼ੀਆਂ ਪ੍ਰਦਾਨ ਕੀਤੀਆਂ।

ਸਮਾਂ ਅਤੇ ਅਨੁਸਾਸ਼ਨ ਨੂੰ ਮੁੱਖ ਰਖਦਿਆਂ ਕੇਵਲ ਇਨਾਮ ਦੀਆਂ ਟਰਾਫੀਆਂ ਸਤਿਗੁਰੂ ਜੀ ਅਤੇ ਮਾਤਾ ਵਲੋਂ ਦਿੱਤੀਆਂ ਗਈਆਂ। ਪਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਰ ਜੇਤੂ ਬੱਚੇ ਨੂੰ ਇਸ ਤੋਂ ਇਲਾਵਾ ਜਿਵੇਂ ਵੀ ਦਿੱਤੇ ਗਏ। ਅਖੀਰ ਵਿੱਚ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਸਮੂਹ ਕੇਂਦਰੀ ਕਮੇਟੀ ਵਲੋਂ ਸਾਰੇ ਬੱਚਿਆਂ, ਮਾਤਾ ਪਿਤਾ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ।

**ਨਿਸ਼ਾਨ ਸਿੰਘ ਦਿੱਲੀ**

## ਸ਼ਹੀਦ ਗਿਆਨੀ ਰਤਨ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

ਸ਼ਹੀਦ ਗਿਆਨੀ ਰਤਨ ਸਿੰਘ ਦੇ ਪਿੰਡ ਮੰਡੀ ਕਲਾਂ ਵਿੱਚ 153 ਸਾਲ ਬਾਅਦ ਪਹਿਲੀ ਵਾਰ ਮਨਾਇਆ ਗਿਆ ਸ਼ਹੀਦੀ ਦਿਵਸ।

ਪ੍ਰਿੰਸੀਪਲ ਚਮਕੌਰ ਸਿੰਘ ਜੀ ਅਤੇ ਡਾ ਲਖਵੀਰ ਸਿੰਘ ਨਾਮਧਾਰੀ ਨੇ ਕੀਤਾ ਸੰਬੋਧਨ।

ਬਾਲਿਆਂਵਾਲੀ- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡੀ ਕਲਾਂ ਵਿਖੇ ਪ੍ਰਿੰਸੀਪਲ ਚਮਕੌਰ ਸਿੰਘ ਜੀ ਦੀ ਅਗਵਾਈ ਵਿੱਚ ਮੰਡੀ ਕਲਾਂ ਦੇ ਸ਼ਹੀਦ ਗਿਆਨੀ ਰਤਨ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਂਦਿਆਂ ਸਵੇਰ ਦੀ ਸਭਾ ਸ਼ਹੀਦ ਗਿਆਨੀ ਰਤਨ ਸਿੰਘ ਨੂੰ ਸਮਰਪਿਤ ਕੀਤੀ ਗਈ।



ਇਸ ਸਮੇਂ ਪ੍ਰਿੰਸੀਪਲ ਚਮਕੌਰ ਸਿੰਘ ਜੀ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੀਆਂ ਵੱਖ ਵੱਖ ਲਹਿਰਾਂ ਦਾ ਜਿਕਰ ਕਰਦਿਆਂ ਆਖਿਆ ਕਿ ਸਾਡੇ ਪਿੰਡ ਮੰਡੀ ਕਲਾਂ ਨੂੰ ਬਹੁਤ ਵੱਡਾ ਮਾਣ ਹੈ ਕਿ ਦੇਸ਼ ਦੇ ਪ੍ਰਥਮ ਅਜ਼ਾਦੀ ਸੰਘਰਸ਼ ਕੂਕਾ ਅੰਦੋਲਨ ਵਿੱਚ ਹਿੱਸਾ ਲੈਣ ਵਾਲੇ ਸ਼ਹੀਦ ਗਿਆਨੀ ਰਤਨ ਸਿੰਘ ਸਾਡੇ ਪਿੰਡ ਮੰਡੀ ਕਲਾਂ ਦੇ ਸਨ ਜਿੰਨਾਂ ਨੂੰ ਬ੍ਰਿਟਿਸ਼ ਹਕੂਮਤ ਨੇ 26 ਨਵੰਬਰ 1871 ਈਸਵੀ ਨੂੰ ਲੁਧਿਆਣਾ ਸੈਂਟਰਲ ਜੇਲ੍ਹ ਅੱਗੇ ਜਨਤਕ ਤੌਰ ਤੇ ਲੋਕਾਂ ਸਾਹਮਣੇ ਫਾਂਸੀ ਦੇ ਦਿੱਤੀ ਸੀ। ਉਹਨਾਂ ਪਿੰਡ ਦੀਆਂ ਪਿਛਲੀਆਂ ਅਤੇ ਵਰਤਮਾਨ ਪੰਚਾਇਤਾਂ ਅਤੇ

ਪਿਛਲੇ ਸਮੇਂ ਤੋਂ ਪਿੰਡ ਦੀ ਅਗਵਾਈ ਕਰਨ ਵਾਲੇ ਪਿੰਡ ਦੇ ਲਿਖਾਰੀਆਂ, ਬੁੱਧੀਜੀਵੀਆਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਸ਼ਹੀਦ ਰਤਨ ਸਿੰਘ ਜੀ ਦੀ ਯਾਦ ਵਿੱਚ ਵੱਡਾ ਯਾਦਗਾਰੀ ਹਾਲ ਅਤੇ ਸਟੇਡੀਅਮ ਸਥਾਪਤ ਕੀਤਾ ਹੋਇਆ ਹੈ ਅਤੇ ਦੇਸ਼ ਕੌਮ ਲਈ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੂੰ ਸਮਰਪਿਤ ਸਕੂਲ ਵਿੱਚ ਇੱਕ ਸਤੰਭ ਵੀ ਬਣਾਇਆ ਹੋਇਆ ਹੈ ਜਿਸ ਉਪਰ ਪਿੰਡ ਦੇ ਸਮੁੱਚੇ ਸ਼ਹੀਦਾਂ ਦੇ ਨਾਮ ਦਰਜ ਹਨ। ਇਸ ਸਮੇਂ ਡਾ ਲਖਵੀਰ ਸਿੰਘ ਨਾਮਧਾਰੀ ਨੇ ਸ਼ਹੀਦ ਗਿਆਨੀ ਰਤਨ ਸਿੰਘ ਦੇ ਜੀਵਨ, ਅਜ਼ਾਦੀ ਸੰਘਰਸ਼ ਨੂੰ ਸਮਰਪਣ ਅਤੇ ਫਾਂਸੀ ਚੜ੍ਹ ਜਾਣ ਦੀ ਗਾਥਾ ਦੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਸ਼ਹੀਦ ਰਤਨ ਸਿੰਘ ਦਾ ਪਰਿਵਾਰ ਪਿੰਡ ਦੀ ਤਾਜੋ ਪੱਤੀ ਵਿੱਚ ਵੱਸਦਾ ਸੀ ਜਿੱਥੇ ਅੱਜ ਲੋਕਲ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਇੱਥੇ ਹੀ ਉਹਨਾਂ ਬਾਬਾ ਆਂਚਲ ਸਿੰਘ ਤੋਂ ਮੁਢਲੀ ਸਿੱਖਿਆ ਹਾਸਲ ਕੀਤੀ ਸੀ। ਤੇਜ ਬੁੱਧੀ ਬਾਲਕ ਹੋਣ ਕਰਕੇ ਪਿੰਡ ਦੇ ਪਤਵੰਤੇ ਸੱਜਣਾਂ ਵੱਲੋਂ ਉਹਨਾਂ ਨੂੰ ਉਸ ਵਕਤ ਲਾਹੌਰ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਜਿੱਥੋਂ ਉਚੇਰੀ ਸਿੱਖਿਆ ਹਾਸਲ ਕਰਕੇ ਉਹ ਗੁਰਮਤਿ ਦਾ ਇਕ ਵੱਡਾ ਵਿਦਵਾਨ ਅਤੇ ਕਥਾਕਾਰ ਬਣਿਆ ਅਤੇ ਜਲਦੀ ਹੀ ਭਾਰਤ ਦੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਲਈ ਉਭਰੇ ਕੂਕਾ ਅੰਦੋਲਨ ਵਿੱਚ ਸ਼ਾਮਲ ਹੋ ਗਿਆ। ਕੂਕਾ ਅੰਦੋਲਨ ਦੇ ਮੋਢੀ ਗੁਰੂ ਰਾਮ ਸਿੰਘ ਜੀ ਨੇ ਪਹਿਲਾਂ ਉਸ ਨੂੰ ਸੂਬਾ ਅਤੇ ਜਲਦੀ ਹੀ ਅਦਾਲਤੀ ਜੱਜ ਸੂਬਾ ਬਣਾ ਦਿੱਤਾ ਜੋ ਸਮੁੱਚੇ ਪੁਰਾਤਨ ਪੰਜਾਬ ਦੇ ਕੋਨੇ ਕੋਨੇ ਵਿੱਚ ਵਿਚਰਦਾ ਅਤੇ ਗੁਰੂ ਰਾਮ ਸਿੰਘ ਵੱਲੋਂ ਅਰੰਭੀ ਨਾ ਮਿਲਵਰਤਨ ਲਹਿਰ ਦਾ ਪ੍ਰਚਾਰ ਵੀ ਕਰਦਾ। ਦੇਸ਼ ਆਜ਼ਾਦੀ ਲਈ ਸਰਗਰਮ ਗਤੀਵਿਧੀਆਂ ਕਾਰਨ ਉਹ ਬ੍ਰਿਟਿਸ਼ ਹਕੂਮਤ ਦੀਆਂ ਨਜ਼ਰਾਂ ਵਿੱਚ ਰੜਕਨ ਲੱਗ ਪਿਆ ਅੰਗਰੇਜ਼ੀ ਸਰਕਾਰ ਨੇ ਰਾਏਕੋਟ ਦੇ ਸ਼ਹੀਦਾਂ ਨੂੰ ਉਕਸਾਉਣ ਦਾ ਦੋਸ਼ ਲਾਕੇ ਸ਼ਹੀਦ ਰਤਨ ਸਿੰਘ ਨੂੰ ਫਾਂਸੀ ਤੇ ਚਾੜ੍ਹ ਦਿੱਤਾ। ਇਸ ਸਮੇਂ ਪ੍ਰਿੰਸੀਪਲ ਸਾਹਿਬ ਅਤੇ ਡਾ ਲਖਵੀਰ ਸਿੰਘ ਵੱਲੋਂ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਅਤੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਾਂਝੀਵਾਲਤਾ ਬਣਾਈ ਰੱਖਣ ਦਾ ਸੁਨੇਹਾਂ ਦਿੱਤਾ ਗਿਆ। ਸਮਾਗਮ ਦੇ ਅਖੀਰ ਵਿੱਚ ਰਾਸ਼ਟਰੀ ਗੀਤ ਗਾਇਣ ਕੀਤਾ ਗਿਆ। ਸਟੇਜ ਦੀ ਕਾਰਵਾਈ ਅਧਿਆਪਕ ਗੁਰਪ੍ਰੀਤ ਸਿੰਘ ਜੀ ਨੇ ਬਾਖੂਬੀ ਨਿਭਾਈ। ਸ਼ਹੀਦ ਰਤਨ ਸਿੰਘ ਨੂੰ ਬ੍ਰਿਟਿਸ਼ ਸਾਮਰਾਜ ਵੱਲੋਂ ਫਾਂਸੀ ਦੀ ਸਜਾ ਦੇਣ ਤੋਂ ਬਾਅਦ ਅੱਜ ਪਹਿਲੀ ਵਾਰ ਉਸਦੇ ਪਿੰਡ ਮੰਡੀ ਕਲਾਂ ਵਿੱਚ 153 ਸਾਲ ਬੀਤ ਜਾਣ ਤੇ ਸ਼ਹੀਦ ਰਤਨ ਸਿੰਘ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਪਿੰਡ ਵਾਸੀਆਂ ਨੇ ਪਿੰਡ ਮੰਡੀ ਕਲਾਂ ਵਿੱਚ ਸ਼ਹੀਦ ਰਤਨ ਸਿੰਘ ਜੀ ਨੂੰ ਸਮਰਪਿਤ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਯਾਦਗਾਰੀ ਹਾਲ ਅਤੇ ਖੇਡ ਸਟੇਡੀਅਮ ਵੀ ਬਣਾਇਆ ਹੋਇਆ ਹੈ। ਇਸ ਸਮੇਂ ਇਸ ਸਮਾਗਮ ਵਿੱਚ ਮੈਡਮ ਉਰਮਿਲਾ ਗਰਗ, ਮੈਡਮ ਬਲਦੇਵ ਕੌਰ, ਮੈਡਮ ਸੁਨੀਤਾ, ਮੈਡਮ ਦਵਿੰਦਰ ਕੌਰ, ਮੈਡਮ ਕਿਰਨਾ ਰਾਣੀ, ਮੈਡਮ ਜਸਕਿਰਨ, ਮੈਡਮ ਰਮਨਦੀਪ ਕੌਰ, ਮੈਡਮ ਡਿੰਪਲ, ਮੈਡਮ ਕਰਮਜੀਤ ਕੌਰ, ਮੈਡਮ ਸਤਨਾਮ ਕੌਰ, ਸ੍ਰੀ ਪਰਮਵੀਰ ਸਿੰਘ, ਸ੍ਰੀ ਅੰਮ੍ਰਿਤਪਾਲ ਸਿੰਘ, ਸ੍ਰੀ ਕਮਲ ਜਿੰਦਲ ਜੀ, ਸ੍ਰੀ ਹਰਦੀਪ ਸਿੰਘ ਤੇ ਸ੍ਰੀ ਜਸਵੀਰ ਸਿੰਘ ਹਾਜ਼ਰ ਸਨ।

**ਮੱਖਣ ਸਿੰਘ ਬੁੱਟਰ ਪੱਤਰਕਾਰ**

.....................................................

## ਸ੍ਰੀ ਸਤਿਗੁਰੂ ਜਗਜੀਤ ਜੀ ਨੂੰ ਸਮਰਪਿਤ ਦੂਸਰਾ ਪੰਡਿਤ ਗੋਵਰਧਨ ਦਾਸ ਸੰਗੀਤ ਸੰਮੇਲਨ

ਸ੍ਰੀ ਸਤਿਗੁਰੂ ਜਗਜੀਤ ਜੀ ਨੂੰ ਸਮਰਪਿਤ ਦੂਸਰਾ ਪੰਡਿਤ ਗੋਵਰਧਨ ਦਾਸ ਸੰਗੀਤ ਸੰਮੇਲਨ ਅੱਪਰਾ ਵਿਖੇ 26 ਅਕਤੂਬਰ 2024 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪ੍ਰਵਾਨਗੀ ਤੇ ਅਪਾਰ ਬਖਸ਼ਸ਼ ਸਦਕਾ ਬਹੁਤ ਹੀ ਸ਼ਾਨਦਾਰ ਤੇ ਸਫਲਤਾਪੂਰਵਕ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਸੰਗੀਤ ਸੰਮੇਲਨ ਵਿੱਚ ਸ੍ਰੀ ਭੈਣੀ ਸਾਹਿਬ ਤੋਂ ਸੂਬਾ ਬਲਵਿੰਦਰ ਸਿੰਘ ਜੀ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸੰਗੀਤ ਸਨਮਾਨ ਅਤੇ ਡਾ. ਗੁਰਦੀਪ ਸਿੰਘ ਜੀ ਨਾਮਧਾਰੀ ਨੂੰ ਇਲਾਕੇ ਵਿੱਚ ਦਿੱਤੀਆਂ ਸੰਗੀਤ ਸੇਵਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਪੰਡਿਤ ਗੋਵਰਧਨ ਦਾਸ ਸੰਗੀਤ ਸੇਵਾ ਸਨਮਾਨ ਨਾਲ ਨਿਵਾਜਿਆ ਗਿਆ। ਸੰਗੀਤ ਸੰਮੇਲਨ ਦੀ ਆਰੰਭਤਾ ਬ੍ਰਹਮਾ ਕੁਮਾਰੀ





ਆਸ਼ਰਮ ਅੱਪਰਾ ਸ਼ਾਖਾ ਦੇ ਬੱਚਿਆਂ ਵੱਲੋਂ ਸਰਸਵਤੀ ਵੰਦਨਾ ਨਾਲ ਕੀਤੀ ਗਈ। ਪ੍ਰੋਫੈਸਰ ਹਰੀ ਦੇਵ ਜੀ ਦੇ ਸ਼ਾਗਿਰਦ ਸ਼੍ਰੀ ਪ੍ਰਦੀਪ ਕੁਮਾਰ ਜੀ ਅਤੇ ਸ਼੍ਰੀ ਰਾਮ ਲੁਭਾਇਆ ਵਲੋਂ ਗਾਇਨ ਪੇਸ਼ ਕੀਤਾ ਗਿਆ। ਇਹਨਾਂ ਦੋਨਾਂ ਨਾਲ ਤਬਲੇ ਤੇ ਸ੍ਰੀ ਸੁਖਵਿੰਦਰ ਸਿੰਘ ਜੀ ਨੇ ਕੀਤੀ। ਇਹਨਾਂ ਕਲਾਕਾਰਾਂ ਤੋਂ ਬਾਅਦ ਮੁੱਖ ਮਹਿਮਾਨ ਸੂਬਾ ਬਲਵਿੰਦਰ ਸਿੰਘ ਜੀ, ਹਜੂਰੀ ਸੇਵਕ ਆਸਾ ਸਿੰਘ ਜੀ, ਹਜੂਰੀ ਰਾਗੀ ਬਲਵੰਤ ਸਿੰਘ ਜੀ, ਇਲਾਕੇ ਦੇ ਦੋਨੋਂ ਸੂਬੇ ਸਾਹਿਬਾਨ ਸੂਬਾ ਹਰਜੀਤ ਸਿੰਘ ਜੀ ਤੇ ਸੂਬਾ ਜਸਵੀਰ ਸਿੰਘ ਜੀ, ਨਾਮਧਾਰੀ ਸੰਗਤ ਫਗਵਾੜਾ ਦੇ ਪ੍ਰਧਾਨ ਸੰਤ ਹਰਦੇਵ ਸਿੰਘ ਜੀ, ਡਾ. ਗੁਰਦੀਪ ਸਿੰਘ ਜੀ, ਸੰਤ ਜਸਪਾਲ ਸਿੰਘ ਜੀ, ਗੁਰਮਿੰਦਰ ਸਿੰਘ ਰਾਜੂ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੁਆਰਾ ਸ਼ਮਾ ਰੌਸ਼ਨ ਕੀਤੀ ਗਈ। ਸੰਗੀਤ ਸੰਮੇਲਨ ਦੀ ਲੜੀ ਨੂੰ ਅੱਗੇ ਤੋਰਦਿਆਂ ਅਗਲੇ ਸੰਗੀਤ ਕਲਾਕਾਰ ਰੇਡੀਓ ਦੇ ਏ ਗਰੇਡ ਕਲਾਕਾਰ ਸ੍ਰੀ ਗੁਰਦੀਪ ਸਿੰਘ ਜੀ ਜਲੰਧਰ ਵਾਲਿਆਂ ਦਾ ਬਾਂਸੁਰੀ ਵਾਦਨ ਹੋਇਆ ਜਿਨ੍ਹਾਂ ਨਾਲ ਤਬਲੇ ਤੇ ਸੰਗਤ ਹਰਨਾਮ ਸਿੰਘ ਜੀ ਨਾਮਧਾਰੀ ਸ੍ਰੀ ਭੈਣੀ ਸਾਹਿਬ ਨੇ ਬੁਹਤ ਹੀ ਕੁਸ਼ਲਤਾ ਪੂਰਵਕ ਕੀਤੀ। ਇਸ ਤੋਂ ਬਾਦ ਪੰਡਿਤ ਸਿਧਾਰਥ ਚੈਟਰਜੀ ਦਾ ਸੋਲੋ ਤਬਲਾ ਵਾਦਨ ਹੋਇਆ। ਉਪਰੰਤ ਡਾ ਗੁਰਦੀਪ ਸਿੰਘ ਨਾਮਧਾਰੀ ਫਗਵਾੜਾ ਦਾ ਸਿਤਾਰ ਵਾਦਨ ਪੇਸ਼ ਕੀਤਾ ਗਿਆ ਤੇ ਤਬਲੇ ਤੇ ਸੰਗਤ ਸ਼੍ਰੀ ਰਾਮ ਲੁਭਾਇਆ ਜੀ ਅੱਪਰਾ ਵਲੋਂ ਕੀਤੀ ਗਈ ਤੇ ਸੰਗੀਤ ਸੰਮੇਲਨ ਦੀ ਆਖਰੀ ਪੇਸ਼ਕਾਰੀ ਬੀਬੀ ਅਵਤਾਰ ਕੌਰ ਜੀ ਨਾਮਧਾਰੀ ਸ੍ਰੀ ਭੈਣੀ ਸਾਹਿਬ ਦਾ ਗਾਇਨ ਪੇਸ਼ ਕੀਤਾ ਗਿਆ ਜਿਹਨਾਂ ਨਾਲ ਤਬਲੇ ਤੇ ਸੰਗਤ ਅਜੇਪਾਲ ਸਿੰਘ ਜੀ ਨਾਮਧਾਰੀ ਤੇ ਇਸਰਾਜ ਤੇ ਈਸ਼ਰ ਸਿੰਘ ਜੀ ਨਾਮਧਾਰੀ ਨੇ ਕੀਤੀ। ਇਲਾਕੇ ਦੀ ਬਹੁਤ ਹੀ ਸਨਮਾਨਯੋਗ ਸੰਗੀਤਕ ਹਸਤੀ ਸਵਰਗਵਾਸੀ ਪ੍ਰੋਫੈਸਰ ਹਰੀ ਦੇਵ ਜੀ ਨੂੰ ਸ਼ਰਧਾਂਜਲੀ ਤੇ ਸਨਮਾਨ ਚਿੰਨ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਭੇਟ ਕੀਤਾ ਗਿਆ। ਮੰਚ ਸੰਚਾਲਨ ਦੀ ਸੇਵਾ ਡਾ. ਗੁਰਦੀਪ ਸਿੰਘ ਨਾਮਧਾਰੀ ਫਗਵਾੜਾ ਤੇ ਸ੍ਰੀ ਰਾਜੇਸ਼ ਕੁਮਾਰ ਬਾਂਸਲ ਅੱਪਰਾ ਵਲੋਂ ਬਾਖੂਬੀ ਕੀਤੀ ਗਈ। ਇਲਾਕੇ ਦੀਆਂ ਸਨਮਾਨ ਯੋਗ ਸਖਸੀਅਤਾਂ ਤੋਂ ਇਲਾਵਾ ਸ਼੍ਰੀ ਭੈਣੀ ਸਾਹਿਬ ਤੋਂ ਸੰਤ ਜਗਦੇਵ ਸਿੰਘ ਜੀ, ਜਲੰਧਰ ਤੋਂ ਸੰਤ ਅਜਮੇਰ ਸਿੰਘ ਜੀ ਨਾਮਧਾਰੀ ਤੇ ਸਾਥੀ, ਨਾਮਧਾਰੀ ਸੰਗਤ ਫਗਵਾੜਾ ਤੋਂ ਸੰਤ ਬਲਦੇਵ ਸਿੰਘ ਜੀ ਚਾਨਾ, ਸੰਤ ਅਮਰੀਕ ਸਿੰਘ ਜੀ, ਜਥੇਦਾਰ ਦਵਿੰਦਰ ਸਿੰਘ ਜੀ, ਸੰਤ ਜਗਦੇਵ ਸਿੰਘ ਜੱਗੀ, ਸੰਤ ਹਰਪ੍ਰੀਤ ਸਿੰਘ ਜੀ ਭਾਈ ਜੀ, ਸੰਤ ਹਰਜੀਤ ਸਿੰਘ ਜੀ, ਬੀਬੀ ਮਨਜੀਤ ਕੌਰ ਜੀ, ਬੀਬੀ ਨਛੱਤਰ ਕੌਰ ਜੀ, ਮੋਰੋਂ ਤੋਂ ਸੰਤ ਬਲਵਿੰਦਰ ਸਿੰਘ ਜੀ, ਸੰਤ ਸਵਰਨ ਸਿੰਘ ਜੀ, ਸੰਤ ਹਰਦੀਪ ਸਿੰਘ ਜੀ, ਸੰਤ ਹਰਜੀਤ ਸਿੰਘ ਜੀ, ਅੱਟੀ ਤੋਂ ਸੰਤ ਅਜੈਬ ਸਿੰਘ ਜੀ, ਸੰਤ ਮਨੋਹਰ ਸਿੰਘ ਜੀ , ਬਲਾਚੌਰ ਤੋਂ ਸੁਰਜੀਤ ਸਿੰਘ ਜੀ ਤੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਨਾਮਧਾਰੀ ਸੰਗਤਾਂ ਤੇ ਸੰਗੀਤ ਪ੍ਰੇਮੀਆਂ ਨੇ ਹਾਜਰੀ ਭਰੀ। ਨਾਮਧਾਰੀ ਸੰਗਤ ਅੱਪਰਾ ਵਲੋਂ ਨਾਮਧਾਰੀ ਚਾਹਟਾ ਵੀ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵਲੋਂ ਇਸ ਸੰਗੀਤ ਸੰਮੇਲਨ ਦੀ ਵਿਉਂਤਬੰਦੀ, ਮਾਰਗ ਦਰਸ਼ਨ ਤੇ ਸਫਲ ਆਯੋਜਿਤ ਕਰਨ ਵਿੱਚ ਭਰਪੂਰ ਸਹਿਯੋਗ ਦੇਣ ਲਈ ਡਾ. ਗੁਰਦੀਪ ਸਿੰਘ ਨਾਮਧਾਰੀ ਫਗਵਾੜਾ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਗਿਆ ਤੇ ਸੂਬਾ ਬਲਵਿੰਦਰ ਸਿੰਘ ਜੀ ਵਲੋਂ ਪ੍ਰਬੰਧਕ ਕਮੇਟੀ ਦਾ ਇਸ ਸ਼ਲਾਘਾਯੋਗ ਕਾਰਜ ਲਈ ਧੰਨਵਾਦ ਕਰਦਿਆਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਸੁਣਾਇਆ ਕਿ ਹਰ ਬੱਚੇ ਵਿੱਚੋਂ ਸੰਗੀਤ ਦੀ ਖੁਸ਼ਬੂ ਆਉਣੀ ਚਾਹੀਦੀ ਹੈ ਤੇ ਇਸ ਤਰ੍ਹਾਂ ਦੇ ਸੰਗੀਤ ਸੰਮੇਲਨਾਂ ਵਿੱਚ ਜਰੂਰ ਹਾਜਰੀ ਭਰਨੀ ਚਾਹੀਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਇਹ ਸੰਗੀਤ ਸੰਮੇਲਨ ਯਾਦਗਾਰੀ ਹੋ ਨਿਬੜਿਆ। ਪ੍ਰੋਗਰਾਮ ਦੀ ਸਮਾਪਤੀ ਤੋਂ ਉਪਰੰਤ ਮਹਿਮਾਨਾਂ ਲਈ ਪ੍ਰਬੰਧਕ ਕਮੇਟੀ ਵਲੋਂ ਰਾਤ ਦਾ ਖਾਣਾ ਵੀ ਵਰਤਾਇਆ ਗਿਆ।

**ਡਾ. ਗੁਰਦੀਪ ਸਿੰਘ ਨਾਮਧਾਰੀ**

## ਜਥੇ. ਅਜੀਤ ਸਿੰਘ ਜੀ ਅਕਾਲ ਚਲਾਣਾ ਕਰ ਗਏ

ਜਥੇਦਾਰ ਅਜੀਤ ਸਿੰਘ ਜੀ 5 ਦਸੰਬਰ 2024 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ। ਜਥੇਦਾਰ ਜੀ ਦੇ ਪਿਤਾ ਸੰਤ ਹਰਨਾਮ ਸਿੰਘ (ਮਸਤਾਨਾ) ਜੀ ਸਨ। ਜਿਨ੍ਹਾਂ ਦਾ ਪਿੰਡ ਮੌਜੂਦਾ

ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਦਾ ਖਿਉਣ ਚੀਮਾਂ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮੇਂ ਨਾਮਧਾਰੀ ਸਜੇ ਸੰਤ ਹਰਨਾਮ ਸਿੰਘ ਦੇ ਘਰੋਂ ਬੀਬੀ ਪ੍ਰੀਤਮ ਕੌਰ ਸਤਸੰਗੀ ਸੁਭਾਗ



ਇਸਤਰੀ ਸਨ। ਪਰਿਵਾਰ 'ਚੋਂ ਹੀ ਗੁਰਸਿਖੀ ਦੀ ਲਾਗ ਲੱਗੀ। ਜਥੇਦਾਰ ਜੀ ਨੂੰ ਸੰਤ ਮੋਹਨ ਸਿੰਘ ਜੀ ਭਾਗੋਵਾਲਿਆਂ ਦੀ ਸੰਗਤ ਨਾਲ ਗੁਰਸਿੱਖੀ ਸਿਧਾਤਾਂ ਦਾ ਰੰਗ ਹੋਰ ਵੀ ਗੂੜ੍ਹਾ ਹੋਇਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਦੀਵਾਨ ਸੁਣ 'ਜਥੇਦਾਰੀ' ਦੀ ਉਪਾਧੀ ਬਖ਼ਸ਼ੀ। ਜਥੇਦਾਰ ਜੀ 1960 ਈ. ਨੂੰ ਪਰਿਵਾਰ ਸਮੇਤ ਚੰਡੀਗੜ੍ਹ ਆ ਗਏ। ਕੇਂਦਰ ਸਰਕਾਰ ਦੀ ਨੌਕਰੀ ਕੀਤੀ ਜਿਥੋਂ 1998 ਈ. ਸੇਵਾ ਮੁਕਤ ਹੋਏ। ਜਦੋਂ ਵੀ ਕਿਸੇ ਨਾਮ ਅਭਿਲਾਸ਼ੀ ਨੂੰ ਮਿਲਣਾ ਕਹਿਣਾ ਭਜਨ ਕਰਿਆ ਕਰ। ਜਿਨ੍ਹਾਂ ਭਜਨ ਕਰਦਾ ਹੈ। ਆਪਣਾ ਭਜਨ ਬੰਦਗੀ ਦਾ ਨੇਮ ਤਾ ਉਮਰ ਨਿਭਾਇਆ। ਜਥੇਦਾਰ ਜੀ ਦੇ ਤਿੰਨ ਬੱਚੇ ਹਨ ਵੱਡੀ ਧੀ ਜੋ ਦੌਲਤਪੁਰ ਨਾਮਧਾਰੀ ਪਰਿਵਾਰ ਵਿੱਚ ਸ. ਮਨਜੀਤ ਸਿੰਘ ਬਾਜਵਾ ਨਾਲ ਵਿਆਹੀ ਹੋਈ ਹੈ। ਸਪੁੱਤਰ ਰਜਿੰਦਰ ਸਿੰਘ ਜੋ ਪੰਜਾਬ ਪੁਲਿਸ ਵਿੱਚ ਸੇਵਾ ਨਿਭਾਅ ਰਹੇ ਹਨ। ਜਥੇਦਾਰ ਜੀ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 25 ਦਸਬੰਰ 2024 ਨੂੰ ਹਰੀ ਮੰਦਰ ਸ੍ਰੀ ਭੈਣੀ ਸਾਹਿਬ ਪਾਇਆ ਗਿਆ। ਵੱਡੀ ਗਿਣਤੀ ਵਿੱਚ ਸਾਧ ਸੰਗਤ ਨੇ ਭੋਗ ਸਮਾਗਮ ਵਿੱਚ ਦਰਸ਼ਨ ਦਿੱਤੇ।

**ਸੰਪਾਦਕ**

.......................................................

## Matrimonial

**Name- Bhag Singh**
S/o Bhagwan Singh Namdhari,
Rashila Nagar, Jamalpur, Ludhiana
Education:- B Tech
Height - 5.8" DOB:- 22/01/1996
Working in Canada
Contact Number- 8195839729

**Maninder Singh**
Father - Hira Singh
Dob- 29 Oct 1994
Cast - Ramgarhia
Height- 6'
Education- Diploma in Computer Science and Business, Management
Occupation- Transport Business Country.
Brampton Canada
Mob- 9915961174

.......................................................

**Balwinder Singh**
Age: 27
Citizen: Irish
Current location: Ontario Canada (work permit)
Education: 12th equivalent
Hight: 6.1
Caste: jatt namdhari
Surname: sandhu
Born in India in nawashahr punjab.
Contact details of family: 8968757023

---

**ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੁਆਰਾ 31 ਦਸੰਬਰ 2024 ਨੂੰ ਨਾਮਧਾਰੀ ਦਰਬਾਰ ਦੇ ਨਵੇਂ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੂੰ ਥਾਪਿਆ ਗਿਆ।**



# ਵਾਰਸ਼ਿਕ ਵਿੱਦਿਅਕ ਸੰਮੇਲਨ ਦੀਆਂ ਝਲਕੀਆਂ

ਮਿਤੀ: 26 ਤੋਂ 29 ਦਸੰਬਰ 2024












Date of Publication: 06 January 2025
Date of Posting: 08 January 2025

RNI NO.55658/93
LDM/008/2021-2023

# ਯਾਦਾਂ ਦੇ ਝਰੋਖੇ ਵਿਚੋਂ






ਉਸਤਾਦ ਜ਼ਾਕਿਰ ਹੁਸੈਨ (ਤਬਲਾ ਵਾਦਕ)






ਡਾ. ਮਨਮੋਹਨ ਸਿੰਘ (ਸਾਬਕਾ ਪ੍ਰਧਾਨ ਮੰਤਰੀ)





ਸ. ਹਰਵਿੰਦਰ ਸਿੰਘ ਹੰਸਪਾਲ (ਸਾਬਕਾ ਰਾਜ ਸਭਾ ਮੈਂਬਰ)

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.